# ਸੂਰਾ

ਮਾਸਕ ਪੱਤਰ

ਅੰਮ੍ਰਿਤਸਰ AMRITSAR


ਆਜੁ ਹਮਾਰੈ ਬਨੇ ਫਾਗ ॥ ਪ੍ਰਭ ਸੰਗੀ ਮਿਲਿ ਖੇਲਨ ਲਾਗ ॥
ਹੋਲੀ ਕੀਨੀ ਸੰਤ ਸੇਵ ॥ ਰੰਗੁ ਲਾਗਾ ਅਤਿ ਲਾਲ ਦੇਵ ॥


ਮਾਰਚ ੧੯੭੪

MARCH 1974


ਸ੍ਰੀ ਅਨੰਦਪੁਰ ਸਾਹਿਬ ਵਿਖੇ ਸ੍ਰੀ ਅਨੰਦਗੜ੍ਹ ਦੀ ਪੁਰਾਣੀ ਯਾਦ



ਜਿਥੋਂ 'ਬਾਘਨ' ਤੇ 'ਬ੍ਰਿਜ ਘੋਪ' ਵਰਗੀਆਂ ਤੋਪਾਂ ਜ਼ਾਲਮਾਂ ਦੇ ਘੇਰੇ ਤੇ ਵਰ੍ਹਦੀਆਂ ਰਹੀਆਂ
ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸੋਨੇ-ਮੜ੍ਹੇ ਤੀਰ ਦੁਸ਼ਟਾਂ-ਦੋਖੀਆਂ ਨੂੰ ਭਾਜੜਾਂ ਪਾਂਦੇ ਰਹੇ

www.AKJ.Org

ਡੀ. ਪੀ. ਆਈ. ਪੰਜਾਬ ਵਲੋਂ ਚਿੱਠੀ ਨੰਬਰ 3/70-68-21 (ਅ.ਪ.) ਮਿਤੀ 17-10-68 ਅਨੁਸਾਰ 'ਸੂਰਾ' ਮਾਸਕ ਪੱਤਰ ਕਾਲਜਾਂ, ਸਕੂਲਾਂ, ਅਤੇ ਸਮਾਜਿਕ ਸਿਖਿਆ ਕੇਂਦਰਾਂ ਦੀਆਂ ਲਾਇਬ੍ਰੇਰੀਆਂ ਲਈ ਪਰਵਾਨ ਹੈ।

## ਤਤਕਰਾ


| | | |
|---|---|---|
| ਗੁਲਿ ਹੋਲੀ | ਭਾਈ ਨੰਦ ਲਾਲ ਜੀ ਗੋਯਾ | ੧ |
| ਦਸਮੇਸ਼ ਜੀ ਦਾ ਹੋਲਾ ਮਹੱਲਾ | ਵਿਆਖਿਆ ਵਲੋਂ ਸੂਰਾ ਪਰਵਾਰ | ੨ |
| ਨਿਰੰਕਾਰੀ ਨਾਮ | ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ | ੪ |
| ਅੱਗਾ ਹੈ (ਅਣਡਿੱਠੀ ਦੁਨੀਆ) | ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ | ੭ |
| ਨਨਕਾਣਾ ਸਾਹਿਬ ਦਾ ਮੁਢਲਾ ਇਤਿਹਾਸ | ਸ: ਦਸੌਂਧਾ ਸਿੰਘ ਜੀ ਹੈਡਮਾਸਟਰ | ੯ |
| ਸਿਖਾਂ ਪ੍ਰਤੀ ਇਕ ਨਿਊਜ਼ੀਲੈਂਡਰ ਦੀ ਸਦ-ਭਾਵਨਾ | ਪ੍ਰੋ: ਪ੍ਰਕਾਸ਼ ਸਿੰਘ ਜੀ | ੧੨ |
| ਅਨੰਦਪੁਰੀ ਦੀ ਸੱਦ | ਸ੍ਰੀ ਮਾਨ ਬਾਊ ਮਲ ਸਿੰਘ ਜੀ | ੧੮ |
| ਯਾਰੜੇ ਦਾ ਹੋਲੜਾ ਅਨੰਦਪੁਰ ਮਨਾਈਏ ਚਲ | ਗਿ: ਗੋਪਾਲ ਸਿੰਘ ਜੀ ਮਿੱਤਰ | ੧੮ |
| ਗਿਆਨੀ ਕਿ ਅਗਿਆਨੀ | ,, ,, | ੧੯ |
| ਸਤਿਆਰਥ - ਪ੍ਰਕਾਸ਼ ਦੇ ਕੁਸੱਤ | ਗਿ: ਗੁਰਦਿਤ ਸਿੰਘ ਜੀ | ੨੦ |
| ਲੋੜ ਅੱਜ ਗੁਰਮਤਿ ਪ੍ਰਚਾਰ ਦੀ ਏ (ਕਵਿਤਾ) | ਗਿ ਗੋਪਾਲ ਸਿੰਘ ਜੀ ਮਿੱਤਰ | ੨੬ |
| ਮਾਪਿਆਂ ਦਾ ਫ਼ਰਜ਼ | ਇਕ ਪੰਥ-ਦਰਦਣ ਬੀਬੀ ਜੀ | ੨੭ |
| ਸਿੱਖ ਤੇ ਅਮਰੀਕੀ ਫ਼ੌਜ | — — | ੩੦ |
| ਕਰਾਮਾਤ | ਪ੍ਰੋ: ਸਾਹਿਬ ਸਿੰਘ ਜੀ | ੩੨ |
| ਫ਼ਿਲਮਾਂ ਬਾਰੇ ਚੀਫ਼ ਖ਼ਾਲਸਾ ਦੀਵਾਨ ਵਲੋਂ ਸੁਆਰਥੀ ਵਤੀਰਾ | ਵਲੋਂ ਸੂਰਾ ਪਰਵਾਰ | ੩੬ |
| ਦੁਨੀਆ ਲੁਟੀਏ ਮੱਕਰ ਨਾਲ | ਖ਼ਾਲਸਾ ਸੇਵਕ ਦਲ, ਰੋਪੜ | ੩੮ |
| ਨਿਸ਼ਕਾਮ ਸੇਵਾ | ਪ੍ਰਿੰਸੀਪਲ ਨਿਰੰਜਨ ਸਿੰਘ ਜੀ | ੩੯ |


## ਮਾਰਚ ੧੯੭੪ ਵਿਚ ਗੁਰਪੁਰਬ ਤੇ ਦਿਨ ਦਿਹਾਰ

| | |
|---|---|
| ਸ੍ਰੀ ਗੁਰੂ ਹਰਿ ਰਾਇ ਸਾਹਿਬ ਗੁਰਿਆਈ ਮਿਲੀ | ੨੧ ਮਾਰਚ |
| ਸ੍ਰੀ ਗੁਰੂ ਅਮਰਦਾਸ ਜੀ ਗੁਰਿਆਈ ਮਿਲੀ | ੨੪ ਮਾਰਚ |
| ਸ੍ਰੀ ਗੁਰੂ ਅੰਗਦ ਦੇਵ ਜੀ ਜੋਤੀ ਜੋਤਿ ਸਮਾਏ | ੨੭ ਮਾਰਚ |
| ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੋਤੀ ਜੋਤਿ ਸਮਾਏ | ੨੮ ਮਾਰਚ |

| | | | |
|---|---|---|---|
| ਹੋਲਾ ਮਹੱਲਾ | ੯ ਮਾਰਚ | ਪੂਰਨਮਾਸ਼ੀ | ੮ ਮਾਰਚ |
| ਸੰਗਰਾਂਦ ਚੇਤਰ | ੧੪ ਮਾਰਚ | ਮਸਿਆ | ੨੩ ਮਾਰਚ |

ਜੀਊਲ ਫ਼ਾਈਨ ਪ੍ਰਿੰਟਰਜ਼, ਹਾਥੀਖ਼ਾਨਾ, ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ ਤੋਂ ਛਪਵਾ ਕੇ ਸੇਵਾ ਸਿੰਘ ਪ੍ਰਿੰਟਰ ਤੇ ਪਬਲਿਸ਼ਰ ਨੇ ਸਰਬ ਹਿੰਦ ਅਖੰਡ ਕੀਰਤਨੀ ਜੱਥੇ ਵਲੋਂ ਬਜ਼ਾਰ ਮਾਈ ਸੇਵਾਂ, ਕੂਚਾ ਚਤਰ ਸਿੰਘ, ਅੰਮ੍ਰਿਤਸਰ ਤੋਂ ਪ੍ਰਕਾਸ਼ਤ ਕੀਤਾ।

www.AKJ.Org

ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ॥

ਸਾਲਾਨਾ ਚੰਦਾ ਦੇਸ : ੬ ਰੁਪਏ
ਫੀ ਕਾਪੀ : ੫੦ ਪੈਸੇ




ਪਰਦੇਸ : ਸਮੁੰਦਰੀ ਡਾਕ ਇਕ ਪੌਂਡ
ਹਵਾਈ ਡਾਕ ਦੇ ਰੇਟ ਵਖ ਹਨ।

# ਸਰਬ ਹਿੰਦ ਅਖੰਡ ਕੀਰਤਨੀ ਜੱਥੇ ਵਲੋਂ ਗੁਰਮਤਿ ਮਾਸਕ ਪੱਤਰ

ਜਿਲਦ ੮ | ੧ ਮਾਰਚ, ੧੯੭੪ | ਅੰਕ ੩

## ਗੁਲਿ ਹੋਲੀ

ਗੁਲਿ ਹੋਲੀ ਬਬਾਗਿ ਦਹਰ ਬੂ ਕਰਦ। ਲਬਿ ਚੂੰ ਗ਼ੁੰਚਾ ਰਾ ਫ਼ਰਖ਼ੰਦਾ ਖ਼ੂ ਕਰਦ ॥੧॥
ਗੁਲਾਬੋ ਅੰਬਰੋ ਮੁਸ਼ਕੋ ਅਬੀਰੇ, ਚੁ ਬਾਰਾਂ ਬਾਰਸ਼ੇ ਅਜ਼ ਸੂ-ਬ-ਸੂ ਕਰਦ ॥੨॥
ਜ਼ਹੇ ਪਿਚਕਾਰੀਏ ਪੁਰ ਜ਼ਾਅਫ਼ਰਾਨੀ, ਕਿ ਹਰ ਬੇ ਰੰਗ ਰਾ ਖ਼ੁਸ਼-ਰੰਗੋ ਬੂ ਕਰਦ ॥੩॥
ਗੁਲਾਲ ਅਫ਼ਸ਼ਾਨੀਇ ਦਸਤਿ ਮੁਬਾਰਿਕ, ਜ਼ਮੀਨੋ ਆਸਮਾਂ ਰਾ ਸੁਰਖ਼-ਰੂ ਕਰਦ ॥੪॥
ਦੋ ਆਲਮ ਗਸ਼ਤ ਰੰਗੀਂ ਅਜ਼ ਤੁਫ਼ੈਲਸ਼, ਚੁ ਸ਼ਾਹਮ ਜਾਮਾ ਰੰਗੀਂ ਦਰ ਗੁਲੂ ਕਰਦ ॥੫॥
ਕਸੇ ਕੋ ਦੀਦ ਦੀਦਾਰੇ ਮੁਕੱਦਸ, ਮੁਰਾਦਿ ਉਮਰ ਰਾ ਹਾਸਿਲ ਨਿਕੋ ਕਰਦ ॥੬॥
ਸ਼ਵਦ ਕੁਰਬਾਨ ਖ਼ਾਕਿ ਰਾਹਿ ਸੰਗਤਿ, ਦਿਲਿ ਗੋਯਾ ਹਮੀਂ ਰਾ ਆਰਜ਼ੂ ਕਰਦ ॥੭॥

[ਅਰਥ ਤੇ ਵਿਆਖਿਆ ਸਫ਼ਾ ੨ ਤੋਂ ਵੇਖੋ

ਐਡੀਟਰ : ਜਸਵੰਤ ਸਿੰਘ ਗਿਆਨੀ, ਬੀ. ਏ., ਬੀ. ਟੀ,

www.AKJ.Org

# ਦਸਮੇਸ਼ ਜੀ ਦਾ ਹੋਲਾ ਮਹੱਲਾ

ਸਤਿਗੁਰੂ ਜੀ ਦੀ ਹਜ਼ੂਰੀ ਵਿਚ ਰਹਿਣ ਵਾਲੇ ਅਨਿੰਨ ਸੇਵਕ ਭਾਈ ਨੰਦ ਲਾਲ ਜੀ ਨੇ ਗ਼ਜ਼ਲ ਨੰਬਰ ੩੩ ਵਿਚ ਕਲਗੀਧਰ ਜੀ ਦੇ ਅਲੌਕਿਕ ਹੋਲੇ ਦਾ ਚਿੱਤਰ ਹੇਠ ਲਿਖੇ ਸ਼ਬਦਾਂ ਵਿਚ ਅੰਕਤ ਕੀਤਾ ਹੈ।

**ਅਰਥ :—**

**ਗੁਲਿ ਹੋਲੀ ਬਬਾਗ਼ਿ ਦਹਰ ਬੂ ਕਰਦ।**
**ਲਬਿ ਚੂੰ ਗ਼ੁੰਚਾ ਰਾ ਫ਼ਰਖ਼ੰਦਾ ਖ਼ੂ ਕਰਦ ॥੧॥**

ਹੋਲੀ ਦੇ ਫੁੱਲ ਨੇ ਜਗਤ ਦੇ ਬਾਗ਼ ਵਿਚ ਸੁਗੰਧੀ ਧੁਮਾ ਦਿਤੀ, (ਮੇਰੇ) ਡੋਡੀ ਵਾਂਗ ਮੀਚੇ ਬੁਲ੍ਹਾਂ ਨੂੰ ਸ਼ੁਭ-ਮਿਜ਼ਾਜ ਬਣਾ ਦਿਤਾ।

**ਗੁਲਾਬੋ ਅੰਬਰੋ ਮੁਸ਼ਕੋ ਅਬੀਰੇ,**
**ਚੁ ਬਾਰਾਂ ਬਾਰਿਸ਼ੇ ਅਜ਼ ਸੂ-ਬ-ਸੂ ਕਰਦ ॥੨॥**

ਉਸ ਨੇ ਵਰਖਾ ਵਾਂਗ ਸਾਰੇ ਪਾਸਿਆਂ ਤੋਂ ਗੁਲਾਬ, ਅੰਬਰ, ਮੁਸ਼ਕ ਤੇ ਅਬੀਰ ਦੀ ਬਾਰਸ਼ ਬਰਸਾ ਦਿਤੀ।

**ਜ਼ਹੇ ਪਿਚਕਾਰੀਏ ਪੁਰ ਜ਼ਾਅਫ਼ਰਾਨੀ,**
**ਕਿ ਹਰ ਬੇ-ਰੰਗ ਰਾ ਖ਼ੁਸ਼ ਰੰਗੋ ਬੂ ਕਰਦ ॥੩॥**

ਕੇਸਰ ਭਰੀ ਪਿਚਕਾਰੀ ਦੇ ਵਾਹ ਵਾਹ ! (ਕੁਰਬਾਨ ਜਾਈਏ) (ਜਿਸ ਨੇ) ਕਿ ਹਰ ਰੁੱਖੇ ਜੀਵਨ ਨੂੰ ਰੰਗੀਨ ਤੇ ਸੁਗੰਧਤ ਕਰ ਦਿਤਾ ਹੈ।

**ਗੁਲਾਲ ਅਫ਼ਸ਼ਾਨੀਇ ਦਸਤਿ ਮੁਬਾਰਿਕ,**
**ਜ਼ਮੀਨੋ ਆਸਮਾਂ ਰਾ ਸੂਰਖ਼-ਰੂ ਕਰਦ ॥੪॥**

(ਉਸ ਦੇ) ਪਾਵਨ ਹੱਥਾਂ ਦੀ ਗੁਲਾਲ-ਛਿੜਕਣੀ ਨੇ ਧਰਤੀ ਤੇ ਆਕਾਸ਼ ਨੂੰ ਲਾਲੋ ਲਾਲ ਕਰ ਦਿਤਾ।

**ਦੋ ਆਲਮ ਗਸ਼ਤ ਰੰਗੀਂ ਅਜ਼ ਤੁਫ਼ੈਲਸ਼,**
**ਚੂ ਸ਼ਾਹਮ ਜਾਮਾ ਰੰਗੀਂ, ਦਰ ਗੁਲੂ ਕਰਦ ॥੫॥**

ਜਦ ਮੇਰੇ ਸ਼ਹਿਨਸ਼ਾਹ (ਸਤਿਗੁਰੂ) ਨੇ ਗਲ ਵਿਚ ਰੰਗ ਰੰਗੀਲੜਾ ਜਾਮਾ ਪਹਿਨਿਆ ਤਾਂ ਉਸਦੀ ਕਿਰਪਾ ਨਾਲ ਦੋਵੇਂ ਜਹਾਨ ਰੰਗੀਨ ਹੋ ਗਏ।

**ਕਸੇ ਕੋ ਦੀਦ ਦੀਦਾਰੇ ਮੁਕੱਦਸ,**
**ਮੁਰਾਦਿ ਉਮਰ ਰਾ ਹਾਸਿਲ ਨਿਕੋ ਕਰਦ ॥੬॥**

ਜਿਸ ਕਿਸੇ ਮਨੁੱਖ ਨੇ ਵੀ (ਸਤਿਗੁਰੂ ਦਾ) ਪਵਿੱਤਰ ਦਰਸ਼ਨ ਪ੍ਰਾਪਤ ਕਰ ਲਿਆ, (ਉਸ ਨੇ) ਸਚ ਮੁੱਚ ਹੀ ਜੀਵਨ-ਫਲ ਪ੍ਰਾਪਤ ਕਰ ਲਿਆ।

**ਸ਼ਵਦ ਕੁਰਬਾਨ ਖ਼ਾਕਿ ਰਾਹਿ ਸੰਗਤ,**
**ਦਿਲਿ 'ਗੋਯਾ' ਹਮੀਂ ਰਾ ਆਰਜ਼ੂ ਕਰਦ ॥੭॥**

ਗੋਯਾ ਦੇ ਦਿਲ ਦੀ ਕੇਵਲ ਇਹੋ ਹੀ ਚਾਹ ਹੈ ਕਿ ਸੰਗਤ ਦੇ ਰਾਹ ਦੀ ਧੂੜ ਤੋਂ ਕੁਰਬਾਨ ਹੋ ਜਾਵੇ।

**ਵਿਆਖਿਆ :—**

ਉਪਰੋਕਤ ਗਜ਼ਲ ਦਸਮੇਸ਼ ਜੀ ਦੇ ਅਨਿੰਨ ਪ੍ਰੇਮੀ ਤੇ ਅਰਬੀ ਫ਼ਾਰਸੀ ਦੇ ਮਹਾਨ ਵਿਦਵਾਨ ਭਾਈ ਨੰਦ ਲਾਲ ਸਿੰਘ 'ਗੋਯਾ' ਜੀ ਦੀ ਕ੍ਰਿਤ ਹੈ, ਜੋ ਕਿ ਸ੍ਰੀ ਛੱਜੂ ਰਾਮ ਗ਼ਜ਼ਨੀ ਦੇ ਨਵਾਬ ਮੁਅੱਜ਼-ਦੀਨ ਦੇ ਮੀਰ ਮੁਨਸ਼ੀ ਦੇ ਹੋਣਹਾਰ ਸਪੂਤ ਸਨ। ਆਪ ਦੇ ਮਾਤਾ ਪਿਤਾ ਰਾਮਾਨੰਦ ਜੀ ਦੇ ਉਪਾਸ਼ਕ ਸਨ। ਕੁਲ-ਰੀਤੀ ਅਨੁਸਾਰ ਆਪ ਨੇ ਵੈਸ਼ਨਵ ਧਰਮ ਦੀ ਦੀਖਿਆ ਨਾ ਲਈ ਤੇ ਕਾਠ ਦੀ ਕੰਠੀ ਪਾਉਣੋਂ ਇਨਕਾਰ ਕਰ ਦਿਤਾ ਤੇ ਕਿਹਾ ਕਿ ਉਸ ਨੂੰ ਆਤਮਕ ਗੁਣਾਂ ਦੀ ਕੰਠੀ ਪਹਿਨਾਈ ਜਾਵੇ, ਜੋ ਲੋਕ ਪਰਲੋਕ ਵਿਚ ਸਹਾਇਤਾ ਦੇ ਸਕੇ। ਉਪਰੋਕਤ ਘਟਨਾ ਤੇ ਵਾਰਤਾਲਾਪ ਭਾਈ ਸਾਹਿਬ ਦੀ ਆਤਮਕ ਸੂਝ ਬੂਝ ਦਾ ਨਿਰੂਪਣ ਕਰਾਉਂਦੀ ਹੈ, ਜੋ ਉਨ੍ਹਾਂ ਦੇ ਸ਼ੁਭ ਪੂਰਬਲੇ ਕਰਮਾਂ ਦੀ ਫਲ ਸੀ।

੧੯ ਸਾਲ ਦੀ ਉਮਰ ਸੀ ਕਿ ਮਾਤਾ ਪਿਤਾ ਜੀ ਚੜ੍ਹਾਈ ਕਰ ਗਏ। ਆਪ ਗ਼ਜ਼ਨੀ ਤੋਂ ਮੁਲਤਾਨ ਆ ਵਸੇ। ਇਥੇ ਇਕ ਗੁਰਸਿਖ ਘਰਾਣੇ ਵਿਚ ਇਨ੍ਹਾਂ ਦਾ ਵਿਆਹ ਹੋ ਗਿਆ। ਇਸੇ ਕਾਰਨ ਇਨ੍ਹਾਂ ਦੀ ਪਰਮਾਰਥੀ ਲਗਨ ਨੂੰ ਗੁਰਮਤਿ ਦਾ ਰੰਗ ਚੜ੍ਹ ਗਿਆ ਅਤੇ ਗੁਰਬਾਣੀ ਤੇ ਗੁਰ-ਇਤਿਹਾਸ ਦੀ ਖੋਜ ਕਰਦਿਆਂ ਇਹ ਸ੍ਰੀ ਅਨੰਦਪੁਰ ਸਾਹਿਬ ਪੁਜ ਗਏ। ਦਸਮੇਸ਼ ਜੀ ਦੇ ਅਲੌਕਿਕ



www.AKJ.Org

ਦਰਸ਼ਨਾਂ ਨੇ ਮਨ ਤਨ ਵਿੰਨ੍ਹ ਦਿਤਾ । ਗੁਰ-ਦੀਖਿਆ ਪ੍ਰਾਪਤ ਕਰ ਕੇ ਸਰਸ਼ਾਰ ਹੋ ਗਏ । ਕੁਝ ਸਮਾਂ ਗੁਰੂ ਜੀ ਦੀ ਹਜ਼ੂਰੀ ਵਿਚ ਖ਼ੂਬ ਅਨੰਦ ਮਾਣੇ ਅਤੇ ਰੰਗ-ਰਤੜੀਆਂ ਕਵਿਤਾਵਾਂ ਰਚ ਕੇ ਗੁਰੂ-ਚਰਨਾਂ ਦੀਆਂ ਮੌਜਾਂ ਮਾਣੀਆਂ ।

ਅਨੰਦਪੁਰ ਕੁਝ ਸਮਾਂ ਠਹਿਰ ਕੇ ਆਪ ਆਗਰੇ ਵਿਖੇ ਸ਼ਹਿਜ਼ਾਦਾ ਮੁਅੱਜ਼ਮ (ਬਹਾਦਰ ਸ਼ਾਹ) ਦੇ ਮੀਰ ਮੁਨਸ਼ੀ ਜਾ ਨੀਯਤ ਹੋਏ । ਇਕੇਰਾਂ ਔਰੰਗਜ਼ੇਬ ਦੇ ਦਰਬਾਰ ਵਿਚ ਕੁਰਾਨ ਸ਼ਰੀਫ਼ ਦੀ ਇਕ ਆਇਤ ਦੇ ਅਰਥ ਮੌਲਵੀਆਂ ਤੋਂ ਸਪੱਸ਼ਟ ਨਾ ਹੋ ਸਕੇ ਤਾਂ ਦੂਜੇ ਦਿਨ ਸ਼ਹਿਜ਼ਾਦਾ ਮੁਅੱਜ਼ਮ ਨੇ ਭਾਈ ਨੰਦ ਲਾਲ ਜੀ ਤੋਂ ਇਸ ਆਇਤ ਦੀ ਵਿਆਖਿਆ ਸਮਝ ਕੇ ਸ਼ਹਿਨਸ਼ਾਹ ਨੂੰ ਜਾ ਸੁਣਾਈ ਤਾਂ ਔਰੰਗਜ਼ੇਜ ਭਾਈ ਸਾਹਿਬ ਦੀ ਉੱਚ ਵਿਦਵਤਾ ਸੁਣ ਕੇ ਚਕ੍ਰਿਤ ਰਹਿ ਗਿਆ; ਪਰ ਉਸ ਦਾ ਹਿੰਦੂ ਹੋਣਾ ਜਾਣ ਕੇ ਉਹ ਤੁਅੱਸਬ ਦੀ ਅੱਗ ਵਿਚ ਸੜ-ਬਲ ਗਿਆ ਤੇ ਕਿਹਾ ਕਿ ਅਜਿਹੀ ਤੀਖਣ ਬੁੱਧੀ ਵਾਲਾ ਬੰਦਾ ਮੁਸਲਮਾਨ ਹੋਣਾ ਚਾਹੀਦਾ ਹੈ । ਸ਼ਹਿਜ਼ਾਦੇ ਨੇ ਘਰ ਆ ਕੇ ਭਾਈ ਸਾਹਿਬ ਨੂੰ ਸਾਰੀ ਗੱਲ ਦਸੀ ਅਤੇ ਮਨ-ਮਰਜ਼ੀ ਅਨੁਸਾਰ ਕਰਨ ਦੀ ਖੁਲ੍ਹ ਦੇ ਦਿਤੀ । ਭਾਈ ਸਾਹਿਬ ਉਥੋਂ ਨਿਰਾਸ ਹੋ ਗਏ ।

ਆਪ ਨੇ ਮੁੜ ਅਨੰਦਪੁਰ ਨੂੰ ਚਾਲੇ ਪਾ ਦਿਤੇ । ਬੈਰਾਗ ਤੇ ਬਿਰਹੋਂ ਦੀਆਂ ਕਾਂਗਾਂ ਉਮਡ ਆਈਆਂ ਅਤੇ ਬਿਰਹੋਂ-ਕੁੱਠੀ ਪ੍ਰਭੂ-ਭਗਤੀ ਵਿਚ ਰੰਗੀ ਹੋਈ ਰਚਨਾ ਰਚਦੇ ਰਚਦੇ ਗੁਰੂ-ਹਜ਼ੂਰੀ ਵਿਚ ਆ ਬਿਰਾਜੇ । ਇਥੇ ਪੁਜ ਕੇ ਦਿਨ ਰਾਤ ਨਾਮ-ਰੰਗਾਂ ਵਿਚ ਰਤੇ ਬਸੰਤ ਦੇ ਖੇੜੇ ਮਾਣਦੇ ਰਹੇ ।

ਦਸਮੇਸ਼ ਜੀ ਵਲੋਂ ਰਚੇ ਗਏ ਹੋਲੇ ਮਹੱਲੇ ਦੇ ਉਚੇਚੇ ਸਮਾਗਮਾਂ ਦੀਆਂ ਮੌਜਾਂ ਨੂੰ ਤੱਕ ਤੱਕ ਤੇ ਵਿਗਸ ਵਿਗਸ ਕੇ, ਜਿਸ ਗ਼ਜ਼ਲ ਵਿਚ ਉਨ੍ਹਾਂ ਨੇ ਉਹ ਰੰਗ ਪੇਸ਼ ਕੀਤੇ ਹਨ, ਉਹ ਡੂੰਘੇ ਆਤਮਕ ਭੇਦਾਂ ਨੂੰ ਖੋਲ੍ਹਦੀ ਹੈ ।

ਆਪ ਬਿਆਨ ਕਰਦੇ ਹਨ ਕਿ ਨਾਮ ਦੀ ਰੰਗ-ਰਤੜੀ ਦਸ਼ਾ ਵਿਚ ਜਦੋਂ ਨਾਫ਼ਾ "ਅੰਦਰੁ ਮੁਸਕਿ ਝਕੋਲਿਆ ਕੀਮਤਿ ਕਹੀ ਨ ਜਾਇ" ਮੁਸ਼ਕਦਾ ਹੈ, ਭਾਵ ਨਾਮ-ਰੂਪੀ ਹੋਲੀ ਦਾ ਫੁੱਲ ਖਿੜਦਾ ਹੈ ਤਾਂ ਉਸ ਦੀ ਸੁਗੰਧੀ ਦਾ ਖਿਲਾਰ ਦੂਰਾਂ ਦੂਰਾਂ ਤਕ ਵਾਸ਼ਨਾ ਹੀ ਵਾਸ਼ਨਾ ਕਰ ਦਿੰਦਾ ਹੈ ਅਤੇ ਅਣਖਿੜੇ ਫੁੱਲ (ਗ਼ੁੰਚੇ) ਦੀ ਤਰ੍ਹਾਂ ਮੀਟੇ ਹੋਏ ਬੁਲ੍ਹ ਖੇੜੇ ਵਿਚ ਆਪ-ਮੁਹਾਰੇ ਫਰਕਣ ਲੱਗ ਪੈਂਦੇ ਹਨ; ਚਿਹਰਾ ਖਿੜੇ ਹੋਏ ਫੁੱਲ ਦੀ ਨਿਆਈਂ ਖਿੜ ਜਾਂਦਾ ਹੈ। "ਮਨੁ ਖਿੜਿਆ ਹਰਿਆ ਬਾਗੁ" ਵਾਲੀ ਦਸ਼ਾ ਬਣ ਆਉਂਦੀ ਹੈ ।ਇਸ ਨਾਮ-ਹੋਲੀ ਦੇ ਫੁੱਲ ਦੀ ਸੁਗੰਧੀ ਨੇ ਗੁਲਾਬ,ਅੰਬਰ, ਕਸਤੂਰੀ, ਅਬੀਰ ਆਦਿ ਸੁਗੰਧੀਆਂ ਦੀ ਬਾਰਸ਼ ਵਾਂਗ ਹਰ ਪਾਸੇ ਖ਼ੁਸ਼ਬੂ ਹੀ ਖ਼ੁਸ਼ਬੂ ਖਿਲਾਰ ਦਿਤੀ । ਸਤਿਗੁਰੂ ਦੀ ਇਸ ਨਾਮ-ਰੰਗੀ ਪਿਚਕਾਰੀ ਤੋਂ ਆਪ ਜੀ ਬਲਿਹਾਰੇ ਜਾਂਦੇ ਹਨ ਅਤੇ ਕਹਿੰਦੇ ਹਨ ਕਿ ਆਪ ਨੇ ਇਸ ਪਿਚਕਾਰੀ ਦੁਆਰਾ ਅਜਿਹਾ ਨਾਮ ਦਾ ਕੇਸਰ ਛਿੜਕਿਆ ਜਿਸ ਨਾਲ ਖ਼ੁਸ਼ਕ ਤੇ ਸੁੰਵੀਆਂ ਰੂਹਾਂ ਨੂੰ ਨਾਮ-ਰੰਗ ਦੇ ਖੇੜੇ ਵਿਚ ਖਿੜਾ ਤੇ ਮਹਿਕਾ ਦਿਤਾ ।

ਸਤਿਗੁਰੂ ਜੀ ਨੇ ਆਪਣੇ ਪਾਵਨ ਕਰ-ਕਮਲਾਂ ਨਾਲ ਨਾਮ-ਹੋਲੀ ਦੀਆਂ ਪਿਚਕਾਰੀਆਂ ਦੁਆਰਾ ਆਪਣੇ ਪਿਆਰਿਆਂ ਨੂੰ ਸਰਸ਼ਾਰ ਕਰ ਕੇ ਉਨ੍ਹਾਂ ਦੇ ਨੈਣਾਂ ਨੂੰ ਅਜਿਹਾ ਰੰਗ-ਰੰਗਾਰੇ ਬਣਾ ਦਿਤਾ ਕਿ ਉਨ੍ਹਾਂ ਰੰਗ-ਰਤਿਆਂ ਨੂੰ ਹਰ ਪਾਸੇ ਧਰਤੀ ਤੋਂ ਅਕਾਸ਼ ਤਾਈਂ ਦੇ ਪੁਲਾੜ ਵਿਚ ਨਾਮ ਦੀਆਂ ਲਾਲੀਆਂ ਤੇ ਸੁਗੰਧੀਆਂ ਦਾ ਪਸਾਰਾ ਪਸਰਿਆ ਹੋਇਆ ਹੀ ਪਿਆ ਜਾਪੇ ।

ਨਾਮ ਦੇ ਸੋਮੇ ਕਲਗੀਧਰ ਪਾਤਸ਼ਾਹ ਜੀ ਨੇ ਹੋਲੇ ਮਹੱਲੇ ਸਮੇਂ ਜਦੋਂ ਕਲਗੀ-ਜਿਗਾ ਵਾਲਾ ਜਾਮਾ ਜ਼ੇਬ-ਤਨ ਕੀਤਾ ਅਤੇ ਸ਼ਸਤਰ ਬਸਤਰ ਸਜਾਏ ਤਾਂ ਇਸ ਦੇ ਜਲੌ ਦੇ ਤੇਜ-ਪਰਤਾਪ ਨਾਲ ਦੀਨ ਦੁਨੀਆ ਦੋਵੇਂ ਜਹਾਨ ਜਗਮਗਾ ਉਠੇ । ਭਾਵ ਐਸੇ ਸਤਿਗੁਰੂ ਦੀ ਆਭਾ ਦੀ ਝਾਲ ਝੱਲਣੀ ਖਰੀ ਕਠਨ ਹੈ । ਦੋ ਜਹਾਨਾਂ ਦੇ ਵਾਲੀ ਸਤਿਗੁਰੂ ਤਰੁੱਠ ਕੇ ਜਦੋਂ ਕਿਸੇ ਤੇ ਮਿਹਰਾਂ ਦੀਆਂ ਨਜ਼ਰਾਂ ਪਾਉਂਦੇ ਹਨ ਤਾਂ ਉਸ ਨੂੰ ਅੰਤਰ ਬਾਹਰ ਖੰਡਾਂ ਬ੍ਰਹਿਮੰਡਾਂ ਵਿਚ ਪਸਰ ਰਹੀ ਅਕਾਲੀ ਜੋਤ ਦੇ ਦਰਸ਼ਨ ਪ੍ਰਾਪਤ ਹੋ ਜਾਂਦੇ ਹਨ ਅਤੇ ਵਿਛੜੀ ਹੋਈ ਆਤਮਾ ਆਪਣੇ ਸੋਮੇ ਨਾਲ ਜੁੜ ਕੇ ਮਨ-ਇਛਤ ਮੁਰਾਦਾਂ ਪ੍ਰਾਪਤ ਕਰ ਲੈਂਦੀ ਹੈ । ਉਹ ਮਿਹਰਬਾਨ ਦ੍ਰਿਸ਼ਟੀ ਵਾਲਾ ਸਾਹਿਬ ਆਪਣੀਆਂ ਪਿਆਰੀਆਂ ਸੰਗਤਾਂ ਵਿਚ ਸਦਾ ਹਾਜ਼ਰ-ਨਾਜ਼ਰ ਵਸਦਾ ਹੈ । "ਵਿਚਿ ਸੰਗਤਿ ਹਰਿ ਪ੍ਰਭੁ ਵਸੈ ਜੀਉ ॥"

ਭਾਈ ਨੰਦ ਲਾਲ ਜੀ ਗੋਯਾ ਇਸੇ ਕਰਕੇ ਸੰਗਤਾਂ ਦੀ ਚਰਨ-ਧੂੜੀ ਤੋਂ ਵਾਰਨੇ ਬਲਿਹਾਰਨੇ ਜਾਂਦੇ ਹਨ ਅਤੇ ਦਿਲੀ ਮੁਰਾਦ ਇਹੋ ਮੰਗਦੇ ਹਨ ਕਿ —

"ਧੂੜੀ ਵਿਚਿ ਲੁਡੰਦੜੀ ਸੋਹਾਂ ਨਾਨਕ ਤੈ ਸਹ ਨਾਲੇ॥"



www.AKJ.Org

# ਨਿਰੰਕਾਰੀ ਨਾਮ

[ ਵਲੋਂ—ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ]

ਗੁਰ-ਬਖ਼ਸ਼ਿਸ਼ ਰੂਪੀ ਸਤਿਗੁਰ ਦਾ ਸਚਾ ਪਰਸਾਦ ਨਾਮ ਹੀ ਹੈ। ਜਿਸ ਨੂੰ ਇਹ ਸਤਿਗੁਰ ਦਾ ਬਖ਼ਸ਼ਿਆ ਪ੍ਰਸਾਦੁ ਮਿਲਦਾ ਹੈ, ਉਸ ਨੂੰ ਕਦੇ ਤੋਟ ਨਹੀਂ ਆਉਂਦੀ, ਸਦਾ ਹੀ ਅਤੁੱਟ ਛਾਂਦੇ ਉਹ ਭੁੰਚਦਾ ਹੈ। ਸਤਿਗੁਰ ਨਾਨਕ ਸਾਹਿਬ ਦੇ ਪ੍ਰਸਾਦਿ ਕਰ ਮਿਲਿਆ ਨਿੰਰਕਾਰ ਅਕਾਲ ਪੁਰਖ ਦਾ ਨਾਮ ਭੀ ਨਿਰੰਕਾਰੀ ਨਾਮ ਹੈ। ਇਹ ਨਿਰੰਕਾਰੀ ਨਾਮ, ਰੂਪ-ਰੇਖ ਤੋਂ ਨਿਆਰਾ, ਪਰ ਦਿਬ ਜੋਤੀਯ ਘਟਿ ਘਟਿ ਡੀਠ ਅਡੀਠ ਨਾਮ ਹੈ, ਜੋ ਅਲੱਖ ਪਦਾਰਥ ਕੇਵਲ ਨਾਮ-ਰਸੀਏ ਗੁਰਮੁਖਾਂ ਪਾਸੋਂ ਹੀ ਲਖਿਆ ਜਾ ਸਕਦਾ ਹੈ। ਜੈਸਾ ਕਿ ਇਸ ਅਗਲੇ ਗੁਰਵਾਕ ਦਾ ਭਾਵ ਹੈ—

"ਹਉ ਵਾਰੀ ਜੀਉ ਵਾਰੀ ਨਿਰੰਕਾਰੀ ਨਾਮੁ ਧਿਆਵਣਿਆ ॥ ਤਿਸੁ ਰੂਪੁ ਨ ਰੇਖਿਆ ਘਟਿ ਘਟਿ ਦੇਖਿਆ, ਗੁਰਮੁਖਿ ਅਲਖ ਲਖਾਵਣਿਆ ॥ .........ਗੁਰ ਪਰਸਾਦੁ ਕਰੇ ਨਾਮੁ ਦੇਵੈ ਨਾਮੇ ਨਾਮਿ ਸਮਾਵਣਿਆ ॥"

**ਨਾਮ ਨਾਮੀ ਦੀ ਦਿਬ ਜੋਤਿ ਦੀ ਅਲੱਖ ਲਖਤਾ ਵਾਲੇ ਗੁਰਮੁਖ ਜਨਾਂ ਅਤੇ ਘਟ ਮਹਿ ਖਾਲਸ ਜੋਤਿ ਜਗਨੰਤਰੀ ਖ਼ਾਲਸਾ ਜਨਾਂ ਦਾ ਪੁੰਜ ਹੀ, ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਤਾਬਿਆ ਅਧਿਕਾਰੀ ਜਗਿਆਸੂ ਜਨਾਂ ਨੂੰ ਅੰਮ੍ਰਿਤ ਛਕਾ ਸਕਦਾ ਹੈ ਅਤੇ ਨਾਮ ਗੁਰਮੰਤਰ ਦ੍ਰਿੜ੍ਹਾ ਸਕਦਾ ਹੈ।** ਅਜਿਹੇ ਇਕ ਇਕੱਲੇ ਖ਼ਾਲਸਾ ਜਨ ਨੂੰ ਨਾਮ ਗੁਰਮੰਤ੍ਰ ਦੇਣ-ਦ੍ਰਿੜ੍ਹਾਉਣ ਦਾ ਅਧਿਕਾਰ ਨਹੀਂ। ਨਾ ਹੀ ਉਸ ਇਕੱਲੇ ਨੂੰ ਅੰਮ੍ਰਿਤ ਛਕਾਉਣ ਦਾ ਅਧਿਕਾਰ ਹੈ, ਚਾਹੇ ਉਹ ਕਿਤਨਾ ਉੱਚਾ ਸੁੱਚਾ ਨਾਮ ਅਭਿਆਸ ਕਲਾ ਕਮਾਈ ਵਾਲਾ ਨਿਪੁੰਨ ਗੁਰਮੁਖ ਜਨ ਹੀ ਹੋਵੇ। ਭੂਤ ਭਵਿੱਖਤ ਦੇ ਦਾਨੀ (ਤ੍ਰੈਕਾਲ ਦਰਸੀ) ਸ੍ਰੀ ਗੁਰੂ ਦਸਮੇਸ਼ ਜੀ ਨੇ ਆਪਣੀ ਗੁਰਤਾ ਦੇ ਅਹਿਦ ਸਮੇਂ ਹੀ ਪੰਜਾਂ ਪਿਆਰਿਆਂ ਵਾਲਾ ਧਰੁਵਾ ਬੰਨ੍ਹ ਦਿਤਾ। ਇਥੋਂ ਤਾਈਂ ਕਿ ਖ਼ੁਦ ਚੋਜੀ ਪਾਤਸ਼ਾਹ ਨੇ ਪੰਜਾਂ ਪਿਆਰਿਆਂ ਤੋਂ ਅੰਮ੍ਰਿਤ ਪਾਨ ਕੀਤਾ ਅਤੇ ਨਾਮ ਦਾਨ ਲੀਤਾ, ਤਾਕਿ ਅਗੇ ਨੂੰ ਕੋਈ ਇਕੱਲਾ ਗੁਰੂ ਬਣ ਕੇ ਨਾ ਬੈਠੇ ਅਤੇ ਇਕੱਲਾ ਹੀ ਨਾਮ ਦੇਣਾ ਨਾ ਅਰੰਭ ਦੇਵੇ। ਪੰਜਾਂ ਪਿਆਰਿਆਂ ਦੇ ਪ੍ਰਗਟਾਉਣ ਵਾਲੇ ਚੋਜ ਪਸਚਾਤ ਗੁਰੂ ਦਸਮੇਸ਼ ਸਚੇ ਪਾਤਸ਼ਾਹ, ਅਗੇ ਲਈ ਹਮੇਸ਼ਾ ਆਪਣੀ ਹਜ਼ੂਰੀ ਵਿਚ (ਅਰਥਾਤ ਆਪਣੀ ਤਾਬਿਆ) ਅਧਿਕਾਰੀ ਜਨਾਂ ਨੂੰ ਪੰਜਾਂ ਪਿਆਰਿਆਂ ਤੋਂ ਹੀ ਅੰਮ੍ਰਿਤ ਛਕਾਉਂਦੇ ਰਹੇ। ਪੰਜਾਂ ਪਿਆਰਿਆਂ ਦੀ ਹਜ਼ੂਰੀ ਮਨਜ਼ੂਰੀ ਵਿਚ ਨਾਮ ਦਾਨ ਦਿੰਦੇ-ਦ੍ਰਿੜ੍ਹਾਉਂਦੇ ਰਹੇ। ਆਪਣੇ ਜੋਤੀ ਜੋਤਿ ਸਮਾਉਣ ਸਮੇਂ ਤੋਂ ਪਹਿਲਾਂ ਹੀ ਇਹ ਪੱਕਾ ਧੁਰਵਾ ਬੰਨ੍ਹ ਦਿਤਾ ਕਿ ਅਗੇ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹੀ ਸਦਾ ਲਈ ਗੁਰ-ਗੱਦੀ ਤੇ ਸਸ਼ੋਭਤ ਰਹਿਣਗੇ, ਇਸ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਤਾਬਿਆ ਹੀ ਇਸੇ ਤਰ੍ਹਾਂ ਪੰਚ ਪਰਵਾਨ ਖ਼ਾਲਸਾ ਜੀ ਅੰਮ੍ਰਿਤ ਛਕਾਇਆ ਤੇ ਨਾਮ ਦ੍ਰਿੜ੍ਹਾਇਆ ਕਰਨ, ਜੈਸਾ ਕਿ ਸਾਡੀ ਤਾਬਿਆ ਧੁਰਵਾ ਬੱਝ ਰਿਹਾ ਹੈ।

ਗੁਰੂ ਦਸਮੇਸ਼ ਜੀ ਦੇ ਖ਼ਾਲਸਾ ਸਜਾਉਣ ਦੇ ਸਮੇਂ ਤੋਂ ਪਹਿਲਾਂ ਸਭੇ ਗੁਰੂ ਪਾਤਿਸ਼ਾਹੀਆਂ ਦੀ ਹੁਕਮ ਰਜ਼ਾਈ ਟਕਸਾਲ ਦਾ ਸਿੱਕਾ ਖੰਡੇ ਦਾ ਅੰਮ੍ਰਿਤ ਛਕਾਉਣ ਦੇ ਥਾਉਂ ਚਰਨ-ਪਾਹੁਲੀ ਅੰਮ੍ਰਿਤ ਛਕਾਉਣਾ ਸੀ। ਜੋ ਗੁਰੂ ਪਾਦਸ਼ਾਹ ਤੋਂ ਬਿਨਾਂ ਕੋਈ ਨਹੀਂ ਸੀ ਛਕਾ ਸਕਦਾ। ਨਾ ਹੀ ਕੋਈ ਨਾਮ ਨਿਧਾਨ ਦ੍ਰਿੜ੍ਹਾ ਸਕਦਾ ਸੀ। ਗੁਰਮਤਿ-ਨਾਮ ਦੀ ਮਹਿਮਾ ਗੁਰੂ ਕੀ ਮਹਿਮਾ ਦ੍ਰਿੜ੍ਹਾਇ ਦ੍ਰਿੜ੍ਹਾਇ ਨਾਮ ਅਭਿਆਸ ਕਮਾਈਆਂ ਵਾਲੇ ਗੁਰਮੁਖਿ ਜਨ, ਨਾਮ ਗੁਰਮਤਿ ਗੁਰਸਿਖੀ ਦੇ ਉਮੈਦਵਾਰਾਂ ਨੂੰ ਪ੍ਰੀਤੀ-ਪ੍ਰੇਰਨਾ ਦੁਆਰਾ ਸਤਿਗੁਰ-ਸਰਣੀ ਲਿਆਉਣ ਦੀ ਅਥੱਕ ਸੇਵਾ ਵਿਚ ਜੁਟੇ ਰਹਿੰਦੇ ਸਨ। ਪਰ ਆਪ ਆਪੋਂ ਕਦੇ ਕਿਸੇ ਨੂੰ ਨਾਮ ਅਤੇ ਸਿਖੀ ਪਰਦਾਨ ਨਹੀਂ ਕਰਦੇ ਸਨ ਅਤੇ ਇਸ ਬਿਧ ਗੁਰੂ ਬਣ ਬਣ ਕਦੇ ਨਹੀਂ ਬਹਿੰਦੇ ਸਨ।

ਗੁਰੂ ਬਣ ਬਹਿਣ ਦੀ ਵਾਦੀ ਪੈਂਦੀ ਹੀ ਨਾਮ ਗੁਰ-ਮੰਤ੍ਰ ਦੇ ਦਾਤੇ ਬਣਨ ਤੋਂ ਹੈ, ਇਹ ਵਾਦੜੀਆਂ ਕੁਵਾਦੜੀਆਂ ਖ਼ਬਰ ਨਹੀਂ ਕਦੋਂ ਕੂ ਤੋਂ ਪਰਚਲਤ



www.AKJ.Org

ਹੋਈਆਂ, ਪਰ ਇਸ ਵਿਚ ਸੰਦੇਹ ਨਹੀਂ ਕਿ ਹੋਈਆਂ ਉਨ੍ਹਾਂ ਦੇ ਪੈਰਾਂ ਤੋਂ, ਜੋ ਗੂੜ੍ਹ ਗੁਰਮਤਿ ਦੇ ਤੱਤ-ਆਸ਼ੇ ਤੋਂ ਅਗਿਆਨੀ ਸਨ ਅਤੇ ਜਿਨ੍ਹਾਂ ਨੂੰ ਗੁਰੂ ਬਣ ਬਹਿਣ ਦਾ ਕੁਚਸਕਾ ਪਿਆ ਹੋਇਆ ਸੀ । ਇਹ ਖ਼ਬਰੇ ਕਿਵੇਂ ਪੈ ਗਿਆ ਸੀ ?

ਭਾਈ ਗੁਰਦਾਸ ਜੀ ਸਾਰਖੇ ਤੱਤ-ਬੇਤੇ ਗੁਰਮੁਖ ਜਨ ਅਤੇ ਬਾਬੇ ਬੁੱਢੇ ਸਾਰਖੇ ਬ੍ਰਹਮ ਗਿਆਨੀ ਤਾਂ ਸੰਗਤਾਂ ਨੂੰ ਦੂਰ-ਦੁਰਾਡਿਆਂ ਥਾਵਾਂ ਤੋਂ ਪਰੇਰ ਪਰੇਰ ਕੇ ਗੁਰ-ਸਰਣਾਗਤਿ ਲਿਆਉਂਦੇ ਰਹੇ ਅਤੇ ਗੁਰ ਸਤਿਗੁਰੂ ਪਾਸੋਂ ਹੀ ਨਾਮ ਗੁਰਮੰਤਰ ਦਾ ਦਾਨ ਅਤੇ ਗੁਰਸਿਖੀ ਪਰਦਾਨ ਕਰਾਉਂਦੇ ਰਹੇ, ਉਹ ਕਦੇ ਖ਼ੁਦ ਗੁਰੂ ਬਣ ਕੇ ਨਹੀਂ ਬੈਠੇ, ਨਾ ਹੀ ਉਨ੍ਹਾਂ ਨੇ ਨਾਮ ਗੁਰਮੰਤਰ ਖ਼ੁਦ ਕਿਸੇ ਪ੍ਰਾਣੀ ਨੂੰ ਦਿਤਾ, ਨਾ ਕਿਸੇ ਨੂੰ ਆਪਣਾ ਸਿਖ ਬਣਾਇਆ, ਨਾ ਆਪਣੇ ਆਪ ਨੂੰ ਗੁਰੂ ਸਦਵਾਇਆ । ਨਹੀਂ ਤਾਂ ਹੁਣ ਨੂੰ ਉਹਨਾਂ ਦੀਆਂ ਸਿਖੀ-ਸੇਵਕੀ ਦੀਆਂ ਪੱਧਰਾਂ ਕਦੇ ਦੀਆਂ ਪਰਚਲਤ ਹੋ ਗਈਆਂ ਹੁੰਦੀਆਂ । ਬ੍ਰਹਮ-ਬੇਤੇ ਹੋ ਕੇ ਸਦੀਵ ਲਈ ਸਿਖ ਹੀ ਬਣੇ ਰਹੇ ਅਤੇ ਆਪਣੇ ਆਪ ਨੂੰ ਜਣਾਇਆ ਤਕ ਨਹੀਂ । ਇਹੀ ਤਾਂ ਅਜਰ ਨੂੰ ਜਰਨ ਵਾਲੀ ਗੁਰ-ਹੁਕਮਾਂ ਸਿਰ ਹੁਕਮ ਦੀ ਸਫਲ ਕਮਾਈ ਹੈ। ਇਹੀ ਸੱਚੀ ਗੁਰਸਿਖੀ ਹੈ । ਇਹੀ ਨਾਮ ਰਸਾਇਣੀ ਅਜਰ ਜਰਾਇਣੀ ਅਡੋਲ ਅਤੇ ਹਉਮੈ ਤੋਂ ਨਿਰਲੇਪ ਆਤਮ-ਅਵਸਥਾ ਹੈ, ਜੋ ਪੂਰਨ ਗੁਰ-ਮਰਯਾਦਾ ਅਨੁਸਾਰ ਤੇ ਗੁਰਮਤਿ ਦੇ ਪੂਰਨ ਤੱਤ ਆਸ਼ੇ ਅਨੁਸਾਰ ਕੇਵਲ ਸਤਿਗੁਰੂ ਦੁਆਰਿਓਂ ਹੀ ਨਾਮ-ਦਾਤ ਦੀ ਬਖ਼ਸ਼ਸ਼ ਕਰ ਵਰੋਸਾਏ ਗਏ ਗੁਰਮੁਖ ਜਨਾਂ ਨੂੰ ਪ੍ਰਾਪਤ ਹੈ ।

ਜੋ ਇਥੋਂ ਰਾਈ ਮਾਤਰ ਭੀ ਘੁਥ ਗਏ, ਸੇ ਕਾਂਪ ਖਾ ਗਏ; ਅਤੇ ਅਕਸਰ ਓਹੀ ਕਾਂਪ ਖਾਂਦੇ ਹਨ, ਜਿਨ੍ਹਾਂ ਦੀ ਨਾਮ ਲੈਣ ਵਾਲੀ ਪੂਰਨ ਗੁਰਮਤਿ ਮਰਯਾਦਾ ਵਲੋਂ ਅਪੂਰਨਤਾ ਰਹਿ ਜਾਂਦੀ ਹੈ, ਯਾ ਜਿਨ੍ਹਾਂ ਤੋਂ ਨਾਮ-ਦਾਤ ਪੂਰਨ ਗੁਰ-ਮਰਯਾਦਾ ਅਨੁਸਾਰ ਪ੍ਰਾਪਤ ਕਰ ਕੇ ਪਿਛੋਂ ਕੋਈ ਗੁਰਮਤਿ ਪ੍ਰਤਿਕੂਲ ਚੂਕ ਹੋ ਜਾਂਦੀ ਹੈ, ਉਹ ਅੱਤ ਚੜ੍ਹਦੀ ਆਤਮ ਬਵਸਥਾ ਤੋਂ ਉਸ ਮਨਮਤ ਦੇ ਕਾਰਨ ਹੀ ਇਕ-ਦਮ ਖੜਦੀ ਕਲਾ ਵਿਚ ਹੋ ਜਾਂਦੇ ਹਨ ।

ਇਕ ਗੁਰਮੁਖਿ ਨਾਮ ਕਮਾਈਆਂ ਵਾਲੇ ਸਿਖ ਸਜਣ ਦੀ ਇਥੋਂ ਤਾਈਂ ਆਤਮ ਅਵਸਥਾ ਚੜ੍ਹ ਗਈ ਸੀ ਕਿ ਉਸ ਦੀ ਨਾਮ-ਰੰਗਾਂ ਵਾਲੀ ਕਮਾਲ ਕਰਨੀ ਨੂੰ ਪੇਖਿ ਪੇਖਿ ਸੈਂਕੜੇ ਆਦਮੀ ਸੁਮਾਰਗੇ ਪਏ ਅਤੇ ਗੁਰਮਤਿ ਗ੍ਰਹਿਣ ਕਰ, ਤਿਆਰ-ਬਰ-ਤਿਆਰ ਸਿੰਘ ਸਜੇ, ਪਰ ਉਹ ਸਜਣ ਵਿਚ-ਵਿਚਾਲੇ ਆ ਕੇ ਅਜਿਹਾ ਅਟਕਿਆ ਕਿ ਉਸ ਦਾ ਨਾਮ-ਅਭਿਆਸ ਉੱਕਾ ਹੀ ਖੜੋ ਗਿਆ । ਉਹ ਦੁਹਾਈਆਂ ਦੇਵੇ ਅਤੇ ਕਹੇ ਕਿ ਮੈਨੂੰ ਕੀ ਹੋ ਗਿਆ ? ਬਹੁੜੀਆਂ ਪਾਵੇ, ਪਰ ਬਣੇ ਕੁਝ ਨਾ । ਓੜਕ ਜਦੋਂ ਨਾਮ-ਰਸੀਅੜੇ ਸਿੰਘ ਸਵਅਜਨਾਂ ਦੇ ਸਨਮੁਖ ਗੁਰੂ-ਦਰਬਾਰ ਵਿਚ ਆ ਕੇ ਉਸ ਨੇ ਪੁਕਾਰ ਕੀਤੀ ਤੇ, ਸੰਗਤ ਅੰਦਰ ਵੀਚਾਰ ਦੁਆਰਾ ਜਦੋਂ ਉਸ ਦੀ ਸੋਧਨਾ ਕੀਤੀ ਗਈ ਤਾਂ ਪਤਾ ਲੱਗਾ ਕਿ ਉਹ ਸਜਣ ਇਕੱਲਾ ਹੀ ਲੋਕਾਂ ਨੂੰ ਨਾਮ ਗੁਰ-ਮੰਤਰ ਦੇਣ ਲੱਗ ਗਿਆ ਸੀ । ਉਸ ਦੀ ਇਸ ਬਜਰ ਭੁੱਲ ਦਾ ਜਦੋਂ ਗੁਰ-ਸੰਗਤ ਅੰਦਰ ਪੂਰਨ ਪ੍ਰਾਸਚਿਤੀ ਅਰਦਾਸਾ ਉਸ ਦੀ ਓਰ ਤੋਂ ਹੋਇਆ ਤਾਂ ਤਤਕਾਲ ਹੀ ਉਸ ਦਾ ਨਾਮ-ਅਭਿਆਸ ਤੁਰ ਪਿਆ, ਜੋ ਅਗੇ ਪਥਰਾਇਆ ਗਿਆ ਸੀ ।

ਇਸ ਵਿਚ ਰੰਚਕ ਸੰਦੇਹ ਨਹੀਂ ਕਿ ਇਕੱਲੇ ਨਾਮ ਦੇਣ ਵਾਲਿਆਂ ਤੇ ਇਕੱਲੇ ਨਾਮ ਲੈਣ ਵਾਲਿਆਂ ਦੋਹਾਂ ਦੀਆਂ ਨਾਮ-ਅਭਿਆਸ ਕਮਾਈਆਂ ਵਿਚ ਕਚਿਆਈਆਂ ਅਤੇ ਅਪੂਰਨਤਾਈਆਂ ਜ਼ਰੂਰ ਰਹਿ ਜਾਂਦੀਆਂ ਹਨ । ਜਿੰਨੀਆਂ ਵੀ ਇਸ ਤਰ੍ਹਾਂ ਨਾਮ ਦੇਣ ਲੈਣ ਵਾਲਿਆਂ ਦੀਆਂ ਸੰਪਰਦਾਵਾਂ ਚਲੀਆਂ ਹਨ, ਸਭੇ ਹੀ ਤੱਤ-ਨਾਮ ਅਭਿਆਸ ਦੀ ਪੂਰਨ ਕਮਾਈ ਵਲੋਂ ਊਣੀਆਂ ਤੇ ਅਧੂਰੀਆਂ ਰਹਿ ਜਾਂਦੀਆਂ ਹਨ । ਚਾਹੇ ਕਿਤਨੀਆਂ ਰਿੱਧੀਆਂ ਸਿੱਧੀਆਂ ਉਹਨਾਂ ਦੀਆਂ ਪਰਸਿੱਧ ਹੋਣ, ਪਰ ਪੂਰਨ ਨਾਮ ਕਮਾਈ ਦੀ ਗੁਰਮਤਿ ਆਦਰਸ਼ਕ ਬਵਸਥਾ ਤੇ ਪੁਗ ਖਲੋਣ ਖੁਣੋਂ ਇਹ ਸਭ ਬੱਦਲ ਦੀ ਛਾਈ ਹੀ ਜਾਣੋ ।

ਗੁਰੂ ਸਾਹਿਬਾਨ ਦੇ ਸਮੇਂ ਜਿਨ੍ਹਾਂ ਗੁਰਮੁਖ ਗੁਰਸਿਖਾਂ ਨੂੰ ਮੰਜੀਆਂ ਬਖ਼ਸ਼ੀਆਂ ਗਈਆਂ, ਸੋ ਗੁਰਮਤਿ ਦੇ ਪਰਚਾਰ ਲਈ ਬਖ਼ਸ਼ੀਆਂ ਗਈਆਂ, ਨਾ ਕਿ ਗੁਰੂ ਦਾ ਡਿੰਭ ਧਾਰਨ ਲਈ । ਜੇ ਕਹੋ ਕਿ ਇਤਿਹਾਸ ਤੋਂ ਇਹ ਗੱਲ ਸਿਧ ਨਹੀਂ ਹੁੰਦੀ ਕਿ ਮੰਜੀਆਂ ਵਾਲੇ ਗੁਰਮੁਖਿ ਨਾਮ ਦਾਨ ਨਹੀਂ ਸੀ ਕਰਦੇ, ਤਾਂ ਇਤਿਹਾਸ ਤੋਂ ਇਹ ਗੱਲ ਭੀ ਸਿੱਧ



www.AKJ.Org

ਨਹੀਂ ਹੁੰਦੀ ਕਿ ਮੰਜੀਆਂ ਵਾਲੇ ਗੁਰਮੁਖਿ ਨਾਮ ਦੇਂਦੇ ਰਹੇ ਹਨ। ਜੇ ਕਦੇ ਕਿਸੇ ਇਤਿਹਾਸਕਾਰ ਨੇ ਇਹ ਗੱਲ ਲਿਖ ਭੀ ਦਿਤੀ ਹੈ ਤਾਂ ਉਸ ਦਾ ਇਹੁ ਮਨ-ਉਕਤ ਢਕੋਂਸਲਾ ਹੀ ਹੋਵੇਗਾ। ਅਸੀਂ ਇਤਿਹਾਸ ਨੂੰ ਗੁਰਮਤਿ ਦੀ ਕਸੌਟੀ ਨਾਲ ਪਰਖ ਕੇ ਹੀ ਪਰਵਾਨ ਕਰਨਾ ਹੈ।

ਇਹ ਗੁਰਦੇਵ ਅਤੇ ਚਾਟੜਿਆਂ ਦੇ ਗੁਰਿ-ਡਿੰਭ-ਡਮ ਸਿਲਸਿਲੇ ਆਪ-ਮੁਹਾਰੇ ਹੀ ਚਲੇ। ਇਹ ਜਿਤਨੀਆਂ ਭਿੰਨ ਭਿੰਨ ਸੰਪ੍ਰਦਾਈ ਪੱਧਤਾਈ ਸ਼੍ਰੇਣੀਆਂ ਹਨ, ਸਭ ਗੁਰਮਤਿ ਤੋਂ ਆਕੀ ਸ਼੍ਰੇਣੀਆਂ ਹਨ। ਬਹੁਤ ਸਾਰੀਆਂ ਸ਼੍ਰੇਣੀਆਂ ਤਾਂ ਲੋਕਾਚਾਰੀ ਚਲ ਪਈਆਂ, ਓਹਨਾਂ ਸ਼੍ਰੇਣੀਆਂ ਦੇ ਪ੍ਰਤੀਨਿਧਾਂ ਨੇ ਨਹੀਂ ਚਲਾਈਆਂ, ਐਵੇਂ ਪਿਛੋਂ ਅੱਲਾਂ ਪੈ ਗਈਆਂ। ਪਰ ਸਿਧ ਭਜਨੀਕ ਹਸਤੀਆਂ ਨੂੰ ਲੋਕੀਂ ਆਪ ਹੀ ਗੁਰ-ਡਿੰਭਤਾ ਦਾ ਛੱੜ ਚਮੇੜ ਦਿੰਦੇ ਹਨ। ਬੜੇ ਬੜੇ ਕੱਟਰ ਤੱਤ ਖ਼ਾਲਸੇ ਭੀ ਇਤ ਵਲੇ ਧੋਖਾ ਖਾ ਜਾਂਦੇ ਹਨ। ਅਸਾਡੇ ਸਾਹਮਣੇ ਅਜ ੩ ਫ਼ਰਵਰੀ ੧੯੩੯ ਦਾ 'ਖ਼ਾਲਸਾ ਸੇਵਕ' ਅਖ਼ਬਾਰ ਪਇਆ ਹੈ ਜਿਸ ਦੇ ਪੰਨੇ ੬ ਉਤੇ 'ਸਿਖ ਰਾਜ ਸਮੇਂ ਦੀ ਮਾਈ' ਦੇ ਸਿਰਲੇਖ ਵਾਲੇ ਲੇਖ ਅੰਦਰ ਚੌਥੇ ਪੈਰੇ ਦੀ ਮੁਢਲੀ ਸਤਰ ਵਿਚ ਸੰਪਾਦਕ ਜੀ ਨੇ ਲਿਖਿਆ ਹੈ—

"ਕਿ ਆਪ ਜੀ ਨੇ ਬਾਬਾ ਗਿਆਨ ਸਿੰਘ ਜੀ ਗਿਆਨੀ ਤੋਂ ਅੰਮ੍ਰਿਤ ਛਕਿਆ"।

ਦੇਖੋ, ਕੈਸੀ ਗੁਰਮਤਿ ਦੇ ਤੱਤ-ਅਸੂਲੋਂ ਗਿਰੀ ਹੋਈ ਗੱਲ ਲਿਖੀ ਹੈ। ਚਾਹੇ ਇਹ ਸਧਾਰਨ ਹੀ ਲਿਖੀ ਗਈ ਹੋਵੇਗੀ, ਪਰ ਇਸ ਨੂੰ ਦੇਖ ਪੜ੍ਹ ਕੇ ਜਣਾ-ਕਣਾ ਸਾਧਾਰਨ ਆਦਮੀ ਇਹ ਧੋਖਾ ਖਾ ਜਾਂਦਾ ਹੈ ਕਿ ਇਕ ਇਕੱਲਾ ਆਦਮੀ ਹੀ ਅੰਮ੍ਰਿਤ ਛਕਾ ਸਕਦਾ ਹੈ।

ਸੰਤ ਸ਼ਾਮ ਸਿੰਘ ਜੀ ਅੰਮ੍ਰਿਤਸਰ ਵਾਲੇ ਪੂਰਨ ਗੁਰਮਤਿ ਮਰਯਾਦਾ ਪ੍ਰਸ਼ੋਤਮ ਸਨ। ਓਹਨਾਂ ਕਦੇ ਇਕੱਲਿਆਂ ਨੇ ਅੰਮ੍ਰਿਤ ਨਹੀਂ ਛਕਾਇਆ, ਹਾਂ ਪੰਜਾਂ ਪਿਆਰਿਆਂ ਵਿਚ ਜ਼ਰੂਰ ਸ਼ਾਮਲ ਹੁੰਦੇ ਸਨ, ਪਰ ਅਕਸਰ ਲੋਗ ਬਹੁਤ ਸਿੱਖ ਕਈ ਵਾਰ ਇਹ ਕਹਿੰਦੇ ਸੁਣੇ ਗਏ ਹਨ, "ਜੀ ! ਮੈਂ ਸੰਤ ਸ਼ਾਮ ਸਿੰਘ ਦੀ ਤੋਂ ਅੰਮ੍ਰਿਤ ਛਕਿਆ।" ਸੰਤ ਸ਼ਾਮ ਸਿੰਘ ਜੀ ਨੇ ਕਦੇ ਆਪਣੇ ਚਰਨਾਂ ਨੂੰ ਭੀ ਕਿਸੇ ਤੋਂ ਹੱਥ ਨਹੀਂ ਲਵਾਇਆ ਸੀ ਅਤੇ ਸਾਰਾ ਜੀਵਨ ਉਨ੍ਹਾਂ ਨੇ ਨਿਰੋਲ ਗੁਰਸਿਖ ਰਹਿ ਕੇ ਬਤੀਤ ਕੀਤਾ। ਕਦੇ ਆਪਣੇ ਆਪ ਨੂੰ ਗੁਰੂ ਨਹੀਂ ਸਦਵਾਇਆ। ਸਾਰੀ ਉਮਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਨਿੰਨ ਪੁਜਾਰੀ ਸੇਵਕ ਸਿਖ ਹੀ ਬਣੇ ਰਹੇ, ਪਰ ਇਹ ਆਮ ਕਹਿਵਤ ਕਹੀ ਜਾਂਦੀ ਸੁਣੀ ਗਈ ਹੈ ਕਿ—ਫਲਾਣਾ ਸਿਖ ਸੰਤ ਸ਼ਾਮ ਸਿੰਘ ਦਾ ਚਾਟੜਾ ਹੈ। ਹਾਲਾਂਕਿ ਸੰਤ ਜੀ ਨੂੰ ਗੁਰੂ-ਡੰਮ ਦੀ ਕਦੇ ਭੀ ਚਾਟ ਨਹੀਂ ਲੱਗੀ; ਜਿਨ੍ਹਾਂ ਨੂੰ ਚਾਟ ਲੱਗੀ ਹੈ, ਉਹਨਾਂ ਪ੍ਰਥਾਇ ਤਾਂ ਕਿੰਨੀਆਂ ਕੁ ਕਹਿਵਤਾਂ ਪਰਚਲਤ ਹੋਈਆਂ ਹੋਣਗੀਆਂ।

ਸੋਲ੍ਹਾਂ ਸਾਲ ਦੀ ਜੇਲ੍ਹ-ਯਾਤ੍ਰਾ ਤੋਂ ਵਾਪਸ ਆਉਣ ਪਰ ਮੈਨੂੰ ਇਕ ਸਿੰਘ ਘਰ ਆ ਕੇ ਮਿਲਿਆ। ਉਹ ਐਉਂ ਗੱਲਾਂ ਕਰੇ ਜਿਵੇਂ ਮੇਰਾ ਚਿਰੋਕਣਾ ਜਾਣੂ ਹੁੰਦਾ ਹੈ, ਪਰ ਮੈਂ ਉਸ ਨੂੰ ਪਛਾਣਿਆ ਨਹੀਂ। ਜਦ ਜਾਣ ਪਛਾਣ ਕਢਣ ਲਈ ਮੈਂ ਉਸ ਤੋਂ ਪੁਛ ਗਿਛ ਕੀਤੀ ਤਾਂ ਉਸ ਆਖਿਆ, "ਜੀ ਮੈਂ ਤੁਹਾਥੋਂ ਹੀ ਅੰਮ੍ਰਿਤ ਛਕਿਆ ਹੋਇਆ ਹੈ।" ਮੈਂ ਆਖਿਆ, ਕੁਝ ਅਕਲ ਦੀ ਗੱਲ ਕਰੋ। ਉਹ ਸਮਝ ਗਿਆ ਤੇ ਫੇਰ ਆਖਣ ਲੱਗਾ, "ਜੀ, ਮੈਥੋਂ ਭੁੱਲ ਹੋ ਗਈ, ਮੈਂ ਤਾਂ ਆਖਣਾ ਸੀ (ਮੇਰਾ ਮਤਲਬ ਤਾਂ ਇਹ ਸੀ) ਕਿ ਤੁਹਾਡੇ ਜੱਥੇ ਤੋਂ ਹੀ ਅੰਮ੍ਰਿਤ ਛਕਿਆ ਹੈ।" ਮੈਂ ਬੋਲਿਆ—ਤੁਸੀਂ ਫੇਰ ਭੁੱਲ ਕਰਦੇ ਹੋ, ਮੇਰਾ ਜੱਥਾ ਕੀ ! ਕਦੇ ਮੈਨੂੰ ਆਪ ਨੇ ਪੰਜਾਂ ਪਿਆਰਿਆਂ ਵਿਚ ਸ਼ਾਮਲ ਹੁੰਦਾ ਦੇਖਿਆ ਹੈ। ਉਸ ਠਠੰਬਰ ਕੇ ਆਖਿਆ—"ਜੀ ! ਜਿਸ ਜੱਥੇ ਵਿਚ ਤੁਸੀਂ ਰਲ ਮਿਲ ਕੇ ਕੀਰਤਨ ਕਰਦੇ ਹੁੰਦੇ ਹੋ, ਮੇਰੀ ਉਸ ਆਖਣ ਤੋਂ ਇਹੀ ਮੁਰਾਦ ਹੈ।" ਇਹ ਗੱਲ ਪਕੀ ਸੀ ਕਿ ਜਦੋਂ ਉਸ ਨੇ ਅੰਮ੍ਰਿਤ ਛਕਿਆ ਸੀ ਤਾਂ ਮੈਂ ਓਦੋਂ ਪੰਜਾਂ ਪਿਆਰਿਆਂ ਵਿਚ ਭੀ ਨਹੀਂ ਸੀ ਸ਼ਾਮਲ ਹੋਇਆ। ਏਸੇ ਪਰਕਾਰ ਮੇਰੀ ਪਿੱਠ ਪਿਛੇ ਤਾਂ ਅਜਿਹੀਆਂ ਕਹਿਵਤਾਂ ਕਈ ਹੁੰਦੀਆਂ ਫਿਰਦੀਆਂ ਹੋਣਗੀਆਂ।

ਸਾਨੂੰ ਪ੍ਰਪਕ ਨਿਸਚਾ ਹੈ ਅਤੇ ਪੱਕੀਆਂ ਗਵਾਹੀਆਂ ਇਸ ਗੱਲ ਦੀਆਂ ਮਿਲਦੀਆਂ ਹਨ ਕਿ ਸੰਤ ਬਾਲਕ ਸਿੰਘ ਜੀ ਹਜ਼ਰੋ ਵਾਲਿਆਂ ਨੇ ਕਦੇ ਇਕੱਲਿਆਂ ਨੇ ਅੰਮ੍ਰਿਤ ਨਹੀਂ ਛਕਾਇਆ ਅਤੇ ਨਾ ਹੀ ਕਦੇ ਇਕੱਲਿਆਂ ਕਿਸੇ ਨੂੰ ਨਾਮ ਦਿਤਾ। ਇਹ ਜੋ ਗੱਲ ਪਰਚਲਤ ਹੈ ਕਿ ਬਾਬਾ

[ਬਾਕੀ ਸਫ਼ਾ ੭ ਦੇ ਹੇਠਾਂ ਵੇਖੋ]



www.AKJ.Org

# 'ਅਣਡਿੱਠੀ ਦੁਨੀਆ' ਦੇ ਅਰੰਭਕ ਸ਼ਬਦ

[ ਵਲੋਂ—ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ]

ਅੱਗਾ ਹੈ—

ਅੱਜ ਕਲ੍ਹ ਆਮ ਤੌਰ ਤੇ ਸਾਰੀ ਦੁਨੀਆ ਵਿਚ ਇਹ ਵਾ ਵਗੀ ਹੋਈ ਹੈ ਕਿ ਦ੍ਰਿਸ਼ਟਮਾਨ (ਜੋ ਕੁਝ ਦਿਸ ਰਿਹਾ ਹੈ) ਤੋਂ ਬਿਨਾਂ ਅਣਦਿਸਦੇ (ਅਦ੍ਰਿਸ਼ਟ) ਨੂੰ ਉੱਕਾ ਹੀ ਨਹੀਂ ਮੰਨਿਆ ਜਾਂਦਾ । ਖ਼ਾਸ ਕਰ ਮਗ਼ਰਬੀ ਤਾਅਲੀਮ ਦੀ ਮੁਠੀ ਹੋਈ ਸਾਰੀ ਲੁਕਾਈ ਇਸ ਗੱਲ ਤੋਂ ਮੁਨਕਰ ਹੋ ਰਹੀ ਹੈ ਕਿ ਇਸ ਦਿਸਦੇ ਲੋਕਿਕ ਪਸਾਰੇ ਤੋਂ ਪਾਰ ਕੋਈ ਪਰਲੋਕਿਕ ਸਾਰ ਰਚਨਾਰਾ (ਰਚਤ ਪਸਾਰਾ) ਭੀ ਹੈ, ਅਥਵਾ ਇਸ ਦਿਸ ਰਹੀ ਸਾਰੀ ਖੰਡ-ਬ੍ਰਹਿਮੰਡੀ ਕਾਇਨਾਤ ਦਾ ਅਦ੍ਰਿਸ਼ਟ ਰਚਨਹਾਰਾ ਭੀ ਹੈ । ਇਹ ਦਹਿਰੀਆਪਨ ਸਾਰੇ ਸੰਸਾਰ ਵਿਚ ਛਾ ਰਹਿਆ ਹੈ । ਇਹ ਨਾਸਤਕਤਾ ਚਾਰ ਚੁਫੇਰੇ ਧੁਮ-ਧੁਮਾ ਰਹੀ ਹੈ । ਹੋਰ ਤਾਂ ਹੋਰ, ਗੁਰਮਤਿ ਧਰਮ ਰੂਪੀ ਮੰਨੇ-ਪ੍ਰਮੰਨੇ ਆਸਤਕ ਧਰਮ ਦੇ ਪੈਰੋਕਾਰ ਭੀ ਅਨਗਿਣਤ ਅਕਸਰੀਅਤ ਵਿਚ ਏਸੇ ਵਹਿਣ ਵਿਚ ਰੁੜ੍ਹੇ ਚਲੇ ਜਾ ਰਹੇ ਹਨ । ਬਹੁਤ ਸਾਰੇ ਸਿਖ ਸਦਾਉਣਹਾਰੇ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਿਖਿਆ-ਮਈ ਤਾਅਲੀਮ ਦੇ ਮੰਨਣ-ਮਨਾਉਣ-ਹਾਰੇ ਦਾਅਵੇਦਾਰ ਕਹਾਉਤੀ ਆਗੂ ਭੀ ਅੰਤਰਗਤੀ ਏਸ ਅਸਰਧਕਤਾ ਦੇ ਸ਼ਿਕਾਰ ਹੋ ਰਹੇ ਹਨ ਕਿ ਵਾਸਤਵ ਵਿਚ ਦਿਸ ਰਹੇ ਪੁਲਾੜ ਸਫ਼ੀਅਰ (Sphere Region) ਤੋਂ ਪਾਰ ਹੋਰ ਕੁਝ ਨਹੀਂ, ਸਭ ਨਾਬੂਤ ਹੈ । ਉਹ ਇਕ ਪ੍ਰਕਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਅਲੀਮ ਤੋਂ ਹੀ ਮੁਨਹਰਫ਼ ਹਨ । ਐਵੇਂ ਨਾਮ ਮਾਤ੍ਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਮੁਅਤਕਿਦ ਸਿਖ ਕਹਾਉਂਦੇ ਹਨ । ਅਸਲ ਵਿਚ ਏਅਤਕਾਦ ਉਹਨਾਂ ਦਾ ਨੇਸਤੋ ਨਾਬੂਦ ਹੀ ਹੈ । ਜੇ ਸ਼ਰਧਾ ਸਿਦਕ ਯਕੀਨ ਸੱਚ ਮੁੱਚ ਹੋਵੇ ਤਾਂ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਮੱਗਰ ਬਚਨ ਨੂੰ ਸਤਿ ਸਤਿ

---

[ਸਫ਼ਾ ੬ ਦੀ ਬਾਕੀ]

ਰਾਮ ਸਿੰਘ ਜੀ ਭੈਣੀ ਵਾਲਿਆਂ ਨੇ ਬਾਬਾ ਬਾਲਕ ਸਿੰਘ ਜੀ ਪਾਸੋਂ ਨਾਮ ਗੁਰਮੰਤ੍ਰ ਲਇਆ, ਇਹ ਗੱਲ ਉੱਕੀ ਹੀ ਨਿਰਮੂਲ ਹੈ । ਹਾਂ ! ਇਹ ਗੱਲ ਸੱਚ ਹੈ ਕਿ ਓਹਨਾਂ ਹਜ਼ਰੋ ਜਾ ਕੇ ਪੰਜਾਂ ਪਿਆਰਿਆਂ ਦੇ ਉਸ ਜਥੇ ਤੋਂ ਅੰਮ੍ਰਿਤ ਛਕਿਆ, ਜਿਨ੍ਹਾਂ ਪੰਜਾਂ ਪਿਆਰਿਆਂ ਵਿਚ ਸੰਤ ਬਾਲਕ ਸਿੰਘ ਜੀ ਭੀ ਸ਼ਾਮਲ ਸਨ । ਅਤੇ ਐਨ ਅੰਮ੍ਰਿਤ ਸਮਾਗਮ ਸਮੇਂ ਹੀ ਪੰਜਾਂ ਪਿਆਰਿਆਂ ਦੁਆਰਾ ਨਾਮ-ਗੁਰਮੰਤ੍ਰ ਲਇਆ ਗਇਆ । ਬਹੁਤ ਚਿਰ ਤਾਂ ਭੈਣੀ ਵਿਖੇ ਭੀ ਪੰਜਾਂ ਪਿਆਰਿਆਂ ਦੁਆਰਾ ਹੀ ਖੰਡੇ ਦਾ ਅੰਮ੍ਰਿਤ ਤਿਆਰ ਹੁੰਦਾ ਰਿਹਾ, ਜਿਨ੍ਹਾਂ ਵਿਚ ਕਿ ਬਾਬਾ ਰਾਮ ਸਿੰਘ ਜੀ ਭੀ ਸ਼ਾਮਲ ਹੁੰਦੇ ਰਹੇ ਅਤੇ ਪੰਜਾਂ ਦੇ ਪੁੰਜ ਤੇ ਐਨ ਅੰਮ੍ਰਿਤ ਸਮੇਂ ਪੂਰਨ ਗੁਰ-ਮਰਯਾਦਾ ਅਨੁਸਾਰ ਹੀ ਗੁਰਮੰਤ੍ਰ ਦੇਣ ਲੈਣ ਦੀ ਗੁਰਮਤਿ ਰੀਤ ਸੁਰੀਤ ਚਲਦੀ ਰਹੀ । ਪਿਛੋਂ ਆ ਕੇ ਗੱਲ ਬਿਗੜਦੀ ਬਿਗੜਦੀ ਬਿਗੜ ਗਈ ਅਤੇ ਐਥੋਂ ਤਾਈਂ ਨੌਬਤ ਆਣ ਪੁਜੀ ਕਿ ਇਕ ਇਕ ਨਾਮਧਾਰੀ ਸਿਖ ਅੱਡੋ ਅੱਡੀ ਕਈ ਅਨ-ਅਧਿਕਾਰੀ ਆਦਮੀਆਂ ਦੇ ਕੰਨਾਂ ਵਿਚ ਫੂਕਾਂ ਮਾਰਦਾ ਦੇਖਿਆ ਗਿਆ, ਅਤੇ ਦੇਖਿਆ ਜਾਂਦਾ ਹੈ, ਜਿਸ ਵਤੀਰੇ ਨੇ ਗੁਰਮੰਤ੍ਰ ਲੈਣ ਦੇਣ ਦੀ ਖੇਡ ਨੂੰ ਹਾਸੋ-ਹੀਣਾ ਬਣਾ ਛਡਿਆ ਹੈ ।

ਐਸਾ ਬਿਗਾੜ ਹੀ ਨਿਰਮਲੇ ਆਦਿਕ ਹੋਰ ਸੰਪਰਦਾਵਾਂ ਵਿਖੇ ਨਾਮ ਗੁਰਮੰਤ੍ਰਨੀ ਰੀਤ ਵਿਖੇ ਪੈ ਗਿਆ । ਬਹੁਤਾ ਵਿਸਥਾਰ ਵਿਚ ਪੈਣ ਦੀ ਲੋੜ ਨਹੀਂ । ਗੁਰਵਾਕਾਂ ਦੀ ਕਸੌਟੀ ਦੁਆਰਾ ਕੀਤੀ ਪਰਖ ਤਾਂ ਇਸੇ ਸੱਚਾਈ ਤੇ ਪੁਚਾਉਂਦੀ ਹੈ ਕਿ ਇਕ ਸਿਖ ਦੇ ਗੁਰਮੰਤ੍ਰ ਦਿਤਿਆਂ ਪੂਰਨ ਗੁਰੱਤ-ਕਲਾ ਨਹੀਂ ਵਰਤਦੀ; ਕੇਵਲ ਪੰਜਾਂ ਦੁਆਰਾ ਹੀ ਵਰਤਦੀ ਹੈ ਅਤੇ ਪੂਰਨ ਗੁਰੂ-ਕਲਾ ਵਰਤੇ ਬਿਹੂਣ ਨਾਮ-ਗੁਰਮੰਤ੍ਰ ਸਰਬ-ਕਲਾ ਸੰਪੂਰਨ ਸਹਾਈ ਅਤੇ ਫਲ-ਪ੍ਰਦਾਈ ਨਹੀਂ ਹੁੰਦਾ ਅਤੇ ਇਹ ਕਲਾ ਪੂਰਨ ਗੁਰੂ ਦੁਆਰਾ ਪ੍ਰਾਪਤ ਹੋਏ ਨਾਮ ਦੇ ਪਰਤਾਪ ਕਰ ਹੀ ਵਰਤਦੀ ਹੈ । ਅਨੇਕਾਂ ਹੀ ਗੁਰਵਾਕ ਇਸ ਗੱਲ ਦੀ ਪ੍ਰੋੜ੍ਹਤਾ ਕਰਦੇ ਹਨ ।

['ਗੁਰਮਤਿ ਨਾਮ ਅਭਿਆਸ ਕਮਾਈ' ਪੁਸਤਕ ਵਿਚੋਂ



www.AKJ.Org

ਕਰਕੇ ਮੰਨਣ।

ਸਤਿਗੁਰੂ ਦੇ ਸਚੇ ਸਿਦਕੀ ਸਿਖਾਂ ਨੂੰ ਸਤਿਗੁਰੂ ਦੇ ਬਚਨਾਂ ਉਤੇ ਭਰੋਸਾ ਹੈ। ਇਹ ਹੋ ਸਕਦਾ ਹੈ, ਕਈ ਇਕ ਗੁਰ-ਬਚਨਾਂ ਦੁਆਰਾ ਗੁਰਬਾਣੀ ਵਿਖੇ ਦਰਸਾਈ ਬਵਸਥਾ ਦੀ ਸਮਝ-ਸਮਝਾਈ ਦੀ ਉਹਨਾਂ ਨੂੰ ਅਜੇ ਰਸਾਈ ਨਾ ਹੋਈ ਹੋਵੇ, ਅਥਵਾ ਗੁਰ-ਵਾਕਾਂ ਵਿਖੇ ਦਰਸਾਈ ਬਵਸਥਾ ਉਹਨਾਂ ਦੇ ਅੰਤਰਿ ਆਤਮੇ ਵਾਪਰੀ ਹੀ ਨਾ ਹੋਵੇ, ਕਿਉਂਕਿ ਸਚਾ ਸ਼ਾਹਦੇ-ਹਾਲ ਯਕੀਨ ਕਿਸੇ ਘਟਨਾ ਦੀ ਸੱਤਤਾ ਦਾ ਤਦੇ ਹੀ ਹੋ ਸਕਦਾ ਹੈ ਜਦ ਕਿ ਸਾਂਗੋ-ਪਾਂਗ ਦਿਬ-ਦਰਸਤਾ ਅਦ੍ਰਿਸ਼ਟ ਦਿਬਤਾ ਹੀ ਓਹਨਾਂ ਨੂੰ ਹੋਇ ਆਵੇ। ਪ੍ਰੰਤੂ ਸਤਿਗੁਰੂ ਦੇ ਸਚਿਆਰ ਸਿਖਾਂ ਨੂੰ ਜੇਕਰ ਅਜੇ ਇਹ ਅਵਸਥਾ ਪ੍ਰਾਪਤ ਨਾ ਹੋਈ ਹੋਵੇ ਤਦ ਉਹ ਮਨਮੁਖਤਾ ਭਰੀ ਇਹ ਹਮਾਕਤ ਕਦੇ ਨਹੀਂ ਕਰਦੇ ਕਿ ਉਸ ਅਵਸਥਾ ਨੂੰ ਮੰਨਣੋਂ ਹੀ ਮੁਨਕਰ ਹੋ ਜਾਣ। ਸਗੋਂ ਉਹ ਮਨ, ਬਚਨ, ਕਰਮ ਕਰਕੇ ਮੰਨਦੇ ਹਨ ਕਿ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਅਗਾਧ ਬੋਧ ਬਾਣੀ-ਮਈ ਬਚਨ ਸਦਾ ਸਤਿ ਅਤੇ ਯਥਾਰਥ ਹਨ, ਚਾਹੇ ਸਮਝੋਂ ਅਗੋਚਰ ਹਨ, ਪਰ ਹਨ ਸਤੋ ਸਤ।

ਓਹਨਾਂ ਨੇ ਦ੍ਰਿੜ੍ਹ ਕਰਕੇ ਨਿਸਚਾ ਕਰ ਲਿਆ ਹੁੰਦਾ ਹੈ ਕਿ ਜੋ ਕੁਝ ਗੁਰਬਾਣੀ ਅੰਦਰ ਫ਼ੁਰਮਾਨ ਹੋ ਚੁਕਾ ਹੈ, ਉਹ ਗੁਰਸਿਖਾਂ ਲਈ ਧਾਰਨ ਕਰਨ ਯੋਗ ਗੁਰਮਤਿ ਅਸੂਲ ਹਨ। ਪਰ ਇਹ ਜੋ ਕੁਝ ਉਹਨਾਂ ਨੇ ਨਿਸਚੇ ਕਰ ਧਾਰਨ ਕਰ ਲਿਆ ਹੁੰਦਾ ਹੈ, ਕੋਈ ਅੰਧ ਵਿਸ਼ਵਾਸ ਕਰਕੇ ਨਹੀਂ ਧਾਰਨ ਕੀਤਾ ਹੁੰਦਾ। ਸਤਿਗੁਰੂ ਦੀ ਗੁਰਤਤਾ ਤੇ ਪੂਰਨ ਪਤੀਜ ਕੇ, ਕੋਈ ਤੱਤ ਪਤੀਆਰਾ ਚਮਤਕਾਰ ਚਮਤਕਾਰਤ ਹੋਇਆ, ਪਤੀਆਰਤ ਹੋਇਆ ਪੇਖ ਕੇ ਹੀ ਸੱਚਾ ਸਿਦਕ-ਭਰੋਸਾ ਸਰਧਾਵਤ ਹੋਇ ਆਇਆ ਹੁੰਦਾ ਹੈ। ਇਸ ਬਿਧਿ ਸਚੀ ਸਰਧਾ-ਭਾਵਨੀ ਉਦੀਪਤ ਹੋਇਆਂ ਬਹੁਰ ਸਤਿਗੁਰੂ ਦੇ ਸਮੱਗਰ ਬਚਨਾਂ ਉਤੇ ਹੀ ਅਹਿੱਲ ਈਮਾਨ ਆ ਗਿਆ ਹੁੰਦਾ ਹੈ। ਇਸ ਅਹਿੱਲ ਈਮਾਨ ਨੂੰ ਅੰਧ ਵਿਸ਼ਵਾਸ ਨਹੀਂ ਕਹਿਆ ਜਾ ਸਕਦਾ। ਇਸ ਅਹਿੱਲ ਅਡੋਲ ਈਮਾਨ ਦੀ ਪੀਡੀ ਗੰਢ ਅੰਤਰਿ ਆਤਮੇ ਬਝਿਆਂ ਹੀ ਸੱਚੀ ਸਿਖੀ-ਮਈ ਗੁਰਮਤਿ-ਮਾਰਗ ਉਤੇ ਚਲਣਹਾਰਿਆਂ ਗੁਰਸਿਖਾਂ ਦੀ ਆਤਮ-ਕਲਾ ਕਰਕੇ ਦਿਨੋ ਦਿਨ ਚੜ੍ਹਦੀ ਕਲਾ ਹੁੰਦੀ ਹੈ।

ਗੁਰਸਿਖੀ ਦੇ ਮੰਡਲ ਵਿਚਿ ਆਇਆਂ ਹੀ, ਅਰਥਾਤ ਅੰਮ੍ਰਿਤ ਛਕ ਕੇ ਸਿੰਘ ਸਜਦਿਆਂ ਹੀ, ਗੁਰਮੰਤ੍ਰ ਗੁਰ-ਦੀਖਿਆ ਦੀ ਪਾਰਸ ਕਲਾ ਵਰਤਦਿਆਂ ਹੀ, ਅਜਿਹੀ ਅਲੌਕਿਕ ਰੱਬੀ ਰਹਿਮਤਾਨੀ ਨਦਰ ਨਦਰੀਵਤ ਹੋ ਜਾਂਦੀ ਹੈ ਕਿ ਮਾਨੋ ਉਹਨਾਂ ਦੀ ਕਾਇਆਂ ਪਲਟ ਹੋ ਕੇ ਨਵ-ਜਨਮਾ ਪਰਮਾਰਥੀ ਜੀਵਨ ਵਿਗਸੀਵਤ ਹੋਇ ਆਂਵਦਾ ਹੈ। ਇਸ ਨਵਲ-ਨਵੇਲੇ ਆਤਮ-ਵਿਗਾਸ ਦੇ ਪ੍ਰਭਾਵ ਕਰਿ ਹੀ ਜਗਿਆਸੂ ਜਨ ਨੂੰ ਪਰਮਾਰਥੀ ਜਾਗ ਵਾਲੇ ਜੀਵਨ ਵਿਚਿ ਜੀਉ ਉਠਣ ਦੀ ਜਾਗ ਲਗਦੀ ਹੈ। ਇਸ ਨਵ-ਜੀਵਨੀ ਜਾਗਰਤ ਵਿਚ ਸੁਜਾਗ ਹੋਏ ਵਡਭਾਗੇ ਗੁਰਸਿਖ ਨੂੰ ਗੁਰਬਾਣੀ ਅੰਦਰਿ ਦਰਸਾਏ ਉਹਨਾਂ ਅਗੰਮੀ ਭਾਵਾਂ ਦੀ ਸੱਤਤਾ ਉਤੇ ਸਚੀ ਸਰਧਾ ਸਿਦਕੀਵਤ ਹੋਇ ਆਂਵਦੀ ਹੈ, ਜਿਨ੍ਹਾਂ ਦੇ ਸਮਝਣ ਦੀ ਪਹੁੰਚ-ਰਸਾਈ ਅਜੇ ਉਹਨਾਂ ਦੀ ਨਹੀਂ ਹੋਈ ਹੁੰਦੀ। ਉਹਨਾਂ ਨੂੰ ਇਹ ਯਕੀਨ ਪੱਕਾ ਹੁੰਦਾ ਹੈ ਕਿ ਸਚਿਆਈ (ਸੱਤਤਾ) ਸਪੇਖਸ਼ਤਾ ਆਤਮ-ਅਭਿਆਸ-ਕਮਾਈ ਉਪਰ ਹੀ ਨਿਰਭਰ ਹੈ। ਇਸ ਨਿਰਭਰਤਾ ਦੇ ਸੁਭਰ ਭਰੀਵੇ ਹੋਏ ਉਹ ਹਰਦਮ ਆਸਾਵੰਤ ਰਹਿੰਦੇ ਹਨ ਕਿ ਤਿਨ੍ਹਾਂ ਸੱਤਤਾਈਆਂ ਦਾ ਜ਼ਹੂਰ ਭੀ ਜ਼ਰੂਰ ਹੋਵੇਗਾ। ਏਸ ਅਵਿਸ਼ਵਾਸ ਅੰਦਰ ਉਹ ਕਦੇ ਨਹੀਂ ਆਉਂਦੇ ਕਿ ਜਦ ਤਾਈਂ ਕੋਈ ਅਨ-ਉਪੜੀ ਮੰਜ਼ਲ ਵਾਲੀ ਸਚਿਆਈ, ਜ਼ਹੂਰ ਪਜ਼ੀਰ ਨਾ ਹੋ ਜਾਵੇ, ਓਦੋਂ ਤਾਈਂ ਉਹ ਸਚਿਆਈ, ਸਚਿਆਈ ਹੀ ਨਹੀਂ। ਗੁਰ-ਬਚਨਾਂਤ ਦਰਸਾਈ ਸਚਿਆਈ ਤਾਂ ਹਰਦਮ, ਸਦ-ਸਦਾ ਸਚਿਆਈ ਹੀ ਹੈ। ਕਸਰ ਹੈ ਤਾਂ ਸਚਿਆਈ ਨੂੰ ਸਚਿਆਰਤ ਕਰਨ ਵਾਲਿਆਂ ਦੀ ਹੈ, ਸਤਤਾਈ ਨੂੰ ਸਤਿਆਰਤ ਕਰਨ ਵਾਲਿਆਂ ਦੀ ਹੈ। ਪਾਰ ਪਹੁੰਚੇ ਗੁਰਮੁਖਾਂ ਦੀ ਤਾਂ ਗਹਿਣ ਗਤਿ ਹੀ ਕੀ ਹੈ, ਉਹਨਾਂ ਤਾਈਂ ਤਾਂ ਗੁਰ-ਬਚਨਾਂਤ ਦਰਸਾਈ ਸਤਤਾ ਸਦਾ ਪ੍ਰਗਟ ਪਹਾਰੇ ਹੀ ਸਤਿ ਸਤਿ ਜ਼ਹੂਰ ਪਜ਼ੀਰ ਹੈ। ਜਿਹੜੇ ਨਾਮ ਲੇਵੇ, ਗੁਰੂ ਦੇ ਸਿਖ ਅਜੇ ਇਸ ਈਮਾਨ-ਯਕੀਨ ਤੋਂ ਡੋਲਦੇ ਹੀ ਫਿਰਦੇ ਹਨ ਅਤੇ ਗੁਰਬਾਣੀ ਅੰਦਰ ਆਈਆਂ ਸੱਤਤਾਈਆਂ ਉਤੇ ਉਟੰਕਨ ਕਰਦੇ ਹਨ, ਜੋ ਉਹਨਾਂ ਦੀ ਸਮਝ ਵਿਚ ਨਹੀਂ ਆਈਆਂ, ਤਿਨ੍ਹਾਂ


www.AKJ.Org

# ਜਨਮ ਅਸਥਾਨ 'ਨਨਕਾਣਾ ਸਾਹਿਬ' ਦਾ ਮੁੱਢਲਾ ਇਤਿਹਾਸ

[ ਵਲੋਂ—ਸ: ਦਸੌਂਧਾ ਸਿੰਘ ਜੀ, ਰੀਟਾਇਰਡ ਹੈੱਡਮਾਸਟਰ, ਪੱਟੀ ]

(੧) ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵਿਚ ਪੰਜ ਵੇਰ ਮੁਲਤਾਨ ਤੇ ਹਮਲਾ ਕੀਤਾ ਗਿਆ । ਪਹਿਲਾ ੧੮੦੨ ਵਿਚ, ਨਵਾਬ ਮੁਜ਼ੱਫ਼ਰ ਖ਼ਾਨ ਨੇ, ਭਾਰੀ ਨਜ਼ਰਾਨਾ ਦੇ ਕੇ ਸੁਲਾਹ ਕਰ ਲਈ। ਦੂਜਾ ੧੮੦੫ ਤੇ ਤੀਜਾ ੧੮੦੭ ਵਿਚ । ਨਵਾਬ ਨੇ ਹਰ ਵਾਰੀ ਭਾਰੀ ਨਜ਼ਰਾਨਾ ਦੇ ਕੇ ਆਪਨਾ ਬਚਾੱ ਕੀਤਾ। ਚੌਥੀ ਵੇਰ ੧੮੧ ਵਿਚ ਦੀਵਾਨ ਮੁਹਕਮ ਚੰਦ ਨੇ ਹਮਲਾ ਕੀਤਾ। ਬਹੁਤ ਖ਼ੂਨ ਖ਼ਰਾਬੇ ਪਿਛੋਂ ਨਵਾਬ ਨੇ ਹਾਰ ਮੰਨੀ ਤੇ ਢਾਈ ਲਖ ਰੁਪਿਆ ਹਰਜਾਨਾ ਦਿਤਾ ਤੇ 'ਕਰ' ਦੇਣਾ ਮੰਨਿਆ।

(੨) ਅਪਰੈਲ ੧੮੧੬ ਵਿਚ ਮਹਾਰਾਜਾ ਰਣਜੀਤ ਸਿੰਘ ਹੜੱਪਾ ਪੁਜੇ। ਏਥੇ ਮੁਲਤਾਨ ਦੇ ਨਵਾਬ ਮੁਜ਼ੱਫ਼ਰ ਖਾਨ ਨੇ ਘੋੜੇ, ਸ਼ਾਲ ਤੇ ਗਲੀਚੇ ਨਜ਼ਰਾਨੇ ਵਜੋਂ ਭੇਜੇ। ਮਹਾਰਾਜੇ ਨੇ ਇਕ ਲਖ ਵੀਹ ਹਜ਼ਾਰ ਨਜ਼ਰਾਨਾ ਮੰਗਿਆ, ਉਸਨੇ ਚਾਲੀ ਹਜ਼ਾਰ ਉਸੇ ਵੇਲੇ ਦੇਣ ਦਾ ਇਕਰਾਰ ਕੀਤਾ ਤੇ ਬਾਕੀ ਦੀ ਰਕਮ ਦੋ ਮਹੀਨੇ ਪਿਛੋਂ ਦੇਣ ਦੀ ਮੁਹਲਤ ਮੰਗੀ। ਪਰ ਮਹਾਰਾਜੇ ਨੇ ਮਨਜ਼ੂਰ ਨਾ ਕੀਤੀ । ਮਿਸਰ ਦੀਵਾਨ ਚੰਦ ਨੇ ਅਹਿਮਦਾਬਾਦ ਦੇ ਕਿਲ੍ਹੇ ਤੇ ਹਮਲਾ ਕਰ ਕੇ ਉਸਨੂੰ ਜਿੱਤ ਲਿਆ ਤੇ ਮੁਲਤਾਨ ਵਲ ਕੂਚ ਕਰ ਦਿਤਾ। ਅਕਾਲੀ ਫੂਲਾ ਸਿੰਘ ਨੇ ਆਪਣੇ ਜੱਥੇ ਨਾਲ ਮੁਲਤਾਨ ਤੇ ਹੱਲਾ ਬੋਲ ਦਿਤਾ ਤੇ ਕਿਲ੍ਹੇ ਦੇ ਬਾਹਰ ਤਕ ਪੁਜ ਗਏ। ਨਵਾਬ ਨੇ ਹਾਰ ਹੁੰਦੀ ਵੇਖਕੇ ੮੦੦੦੦ ਰੁਪਏ ਉਸੇ ਵੇਲੇ ਤੇ ੪੦੦੦੦ ਰੁਪਏ (ਚਾਲੀ ਹਜ਼ਾਰ) ਥੋੜੇ ਸਮੇਂ ਪਿਛੋਂ ਦੇਣ ਦਾ ਇਕਰਾਰ ਕੀਤਾ। ਮਹਾਰਾਜਾ ਇਹ

---

[ਸਫ਼ਾ ੮ ਦੀ ਬਾਕੀ]

ਬੇਯਕੀਨੇ ਈਮਾਨ-ਹੀਨੇ, ਸ਼ੱਕ-ਸ਼ਕੂਕ ਗ੍ਰਸੀਨੇ, ਨੀਮ ਨਾਸਤਕਾਂ, ਐਗਨਾਸਟਕਾਂ (Agnostics) ਨਮਿਤ ਹੀ ਇਹ ਅਗਲੇਰਾ ਮਜ਼ਮੂਨ ਪੁਸਤਕ ਦੀ ਸ਼ਕਲ ਵਿਚ ਤਿਆਰ ਕਰ ਕੇ ਉਹਨਾਂ ਦੇ ਅਗੇ ਰਖਿਆ ਹੈ । ਜਿਸ ਵਿਚ ਇਹ ਨਿਰੂਪਣ ਤੇ ਸਿੱਧ ਕੀਤਾ ਜਾਵੇਗਾ ਕਿ ਗੁਰਬਾਣੀ ਵਿਚ ਦਰਸਾਏ ਗਏ ਆਮ ਸਮਝੋਂ ਅਗੋਚਰੇ ਪਦਾਰਥ ਸਤ ਹਨ, ਅਸਤ ਨਹੀਂ ।

ਸ਼ੰਕਾਵਾਦੀ ਸ਼ੰਕਾ ਕਰਦੇ ਹਨ ਕਿ ਜੋ ਅੱਖੀਂ ਦਿਸਦਾ ਨਹੀਂ, ਉਸ ਦੀ ਹੋਂਦ ਤੇ ਸ਼ੱਕ ਹੈ । ਜੋ ਪਦਾਰਥ ਪੰਜ ਗਿਆਤ ਇੰਦਰਿਆਂ ਦਾ ਵਿਸ਼ਾ ਨਹੀਂ, ਓਹ ਅਸਤ ਕਰਕੇ ਮੰਨਦੇ ਹਨ। ਉਹਨਾਂ ਦੀ ਸਮਝ ਵਿਚ ਰੱਬ ਦੀ ਹਸਤੀ ਕੋਈ ਨਹੀਂ । ਉਹ ਇਸ ਦਿਸਦੀ ਦੁਨੀਆ ਤੋਂ ਬਿਨਾਂ ਹੋਰ ਕਿਸੇ ਅਣਦਿਸਦੀ ਦੁਨੀਆ ਦੇ ਮੰਨਣੋਂ ਇਨਕਾਰੀ ਹਨ। ਬਹੁਤਿਆਂ ਦਾ ਸੰਦੇਹ ਹੈ ਕਿ ਅੱਗਾ ਹੈ ਕਿ ਨਹੀਂ ? "ਇਹ ਜੱਗ ਮਿੱਠਾ ਤੇ ਅਗਲਾ ਕੀਹਨੇ ਡਿੱਠਾ" ਦੇ ਮਿਸਦਾਰ (ਅਖਾਣ) ਵਾਲਿਆਂ ਦੀ ਧਰਨ ਠਿਕਾਣੇ ਕਰਨ ਲਈ ਹੀ, ਇਸ ਲੇਖ ਦੇ ਲਿਖਣ ਦੀ ਲੋੜ ਪਈ।

ਅਣ-ਦਿਸਦੀ ਸੂਖਮ ਰਚਨਾ ਚਾਹੇ ਆਮ ਅਲਪੱਗ ਦ੍ਰਿਸ਼ਟੀਓਂ ਅਣਡਿਠ ਹੈ, ਪਰ ਉਸ ਦੀ ਵਾਸਤਵਤਾ ਵਿਚ ਰਾਈ ਮਾਤਰ ਭੀ ਫ਼ਰਕ ਨਹੀਂ । ਮਿਸਾਲ ਦੇ ਤੌਰ ਤੇ ਨਰਕ ਸੁਰਗ, ਆਵਾ-ਗਵਨ, ਜਮ ਮਾਰਗ, ਧਰਮ ਰਾਇ ਤੇ ਗ਼ੈਬੀ ਦਰਗਾਹ ਦੀਆਂ ਅਗੇ ਵਾਲੀਆਂ ਗੱਲਾਂ ਉਹਨਾਂ ਨੂੰ ਐਵੇਂ ਕਲਪਿਤ ਹੀ ਪ੍ਰਤੀਤ ਹੁੰਦੀਆਂ ਹਨ । ਇਹਨਾਂ ਅਤੇ ਇਸ ਪ੍ਰਕਾਰ ਦੀਆਂ ਅਨੇਕਾਂ ਗੱਲਾਂ ਤੇ ਰੌਸ਼ਨੀ ਪਾਈ ਜਾਏਗੀ। ਗੁਰਮਤਿ ਦੁਆਰਾ ਅਤੇ ਗੁਰਵਾਕਾਂ ਦੀ ਪੂਰਨ ਪ੍ਰੋੜ੍ਹਤਾ ਦੁਆਰਾ ਹੀ ਸਿੱਧ ਕੀਤਾ ਜਾਵੇਗਾ ਕਿ ਜਿਸ ਦਿਸਦੇ ਅਗਾਧ ਪੁਲਾੜ ਖਲਾ ਵਿਚ ਬਹੁਤ ਕੁਝ ਸੂਖਮ ਰਚਨਾ ਵੱਸ ਰਹੀ ਹੈ, ਉਸ ਦਾ ਕਹਿਣਾ ਹੀ ਕੀ ਹੈ, ਉਹ ਏਹਨਾਂ ਪੰਜ ਭੂਤਕ ਅੱਖੀਆਂ ਦੇ ਓਹਲੇ ਹੈ, ਪਰ ਇਸ ਦੀ ਭੀ ਵਾਸਤਵੀ ਹੋਂਦ ਹੈ । ਇਸ ਵਿਸ਼ੇ ਨੂੰ ਅਸੀਂ ਗੁਰਬਾਣੀ ਦੇ ਪ੍ਰਮਾਣਾਂ ਦੀ ਪ੍ਰੋੜ੍ਹਤਾ ਦੁਆਰਾ ਸਾਬਤ ਕਰਾਂਗੇ।

['ਅਣਡਿਠੀ ਦੁਨੀਆ' ਪੁਸਤਕ ਵਿਚੋਂ]



www.AKJ.Org

ਰਕਮ ਲੈ ਕੇ ਮਾਨਕੇਰਾ ਵਲ ਚਲੇ ਗਏ । ਅਕਾਲੀ ਫੂਲਾ ਸਿੰਘ ਜੀ ਵੀ ਸਮੇਤ ਜਥੇ ਨਾਲ ਸਨ । ਮਾਨਕੇਰਾ ਜਿਤ ਲਿਆ। ਇਕ ਲਖ ਪੱਚੀ ਹਜ਼ਾਰ ਤਾਵਾਨ ਦੀ ਰਕਮ ਨਿਯੁਕਤ ਹੋਈ। ਨਵਾਬ ਨੇ ਜਮਾਦਾਰ ਖ਼ੁਸ਼ਹਾਲ ਸਿੰਘ ਰਾਹੀਂ ਪੰਜਾਹ ਹਜ਼ਾਰ ਉਸੇ ਵੇਲੇ ਤਾਰ ਦਿਤੇ ਤੇ ਬਾਕੀ ਦੀ ਰਕਮ ਤਾਰ ਦੇਣ ਦਾ ਇਕਰਾਰ ਕੀਤਾ । ਉਸੇ ਨੂੰ ਨਵਾਬ ਰਹਿਣ ਦਿਤਾ ਗਿਆ। ਅਕਾਲੀ ਜੀ ਨਰਾਜ਼ ਹੋ ਗਏ, ਕਿ ਸਿੰਘ ਸ਼ਹੀਦੀਆਂ ਪਾ ਕੇ ਕਿਲ੍ਹੇ ਜਿਤਦੇ ਹਨ, ਤੇ ਇਹ ਫੇਰ ਮੁਸਲਮਾਨਾਂ ਕੋਲ ਹੀ ਰਹਿਣ ਦਿੰਦਾ ਹੈ । ਹੁਣ ਏਸ ਦੇ ਮੱਥੇ ਹੀ ਨਹੀਂ ਲੱਗਣਾ। ਤੇ ਰਾਵੀ ਦੇ ਸੱਜੇ ਕੰਢੇ ਦੇ ਨਾਲ ਨਾਲ ਵਾਪਸ ਚਾਲੇ ਪਾ ਦਿਤੇ ।

(੩) ਜਦ ਅਕਾਲੀ ਜੀ ਮਾਂਗਟ ਪੁਜੇ ਤਾਂ ਕੁਝ ਸਿੰਘਾਂ ਨੇ ਕਿਹਾ, "ਅਕਾਲੀ ਜੀ, ਏਥੋਂ ਦਸ ਬਾਰ੍ਹਾਂ ਕੋਹ (ਕੋਈ ਪੰਦਰਾਂ ਸੋਲ੍ਹਾਂ ਮੀਲਾਂ) ਤੇ ਗੁਰੂ ਨਾਨਕ ਦੇਵ ਜੀ ਦਾ **ਜਨਮ-ਅਸਥਾਨ** ਹੈ, ਦਰਸ਼ਨ ਕਰ ਚੱਲੀਏ।" ਅਗਲੇ ਦਿਨ ਜਦ ਤਲਵੰਡੀ ਪੁਜੇ ਤਾਂ ਗੁਰਦਵਾਰੇ ਦੀ ਇਮਾਰਤ ਦੇਖ ਕੇ ਅਕਾਲੀ ਜੀ ਦੇ ਮਨ ਨੂੰ ਬੜੀ ਸੱਟ ਵਜੀ । ਇਕ ਕੱਚਾ ਕੋਠਾ ਤੇ ਅੰਦਰ ਇਕ ਮਿੱਟੀ ਦਾ ਦੀਵਾ ਜਗ ਰਿਹਾ ਸੀ। ਗਰੰਥੀ ਇਕੱਲਾ ਹੀ ਸੇਵਾ ਲਈ ਮੌਜੂਦ ਸੀ । ਅਕਾਲੀ ਜੀ ਨੇ ਪੁਛਿਆ, "ਇਥੇ ਸਿਖਾਂ ਦੇ ਕਿੰਨੇ ਕੁ ਘਰ ਹਨ ?" ਗਰੰਥੀ ਸਿੰਘ ਨੇ ਉੱਤਰ ਦਿਤਾ ਕਿ ਸਾਰਾ ਇਲਾਕਾ ਮੁਸਲਮਾਨੀ ਹੈ । ਜ਼ਮੀਨ ਸਾਰੀ ਦੇ ਮਾਲਕ ਮੁਸਲਮਾਨ ਹੀ ਹਨ। ਸਿਰਫ਼ ਦੁਕਾਨਦਾਰ ਤੇ ਬਿਉਪਾਰੀ ਹੀ ਕੁਝ ਹਿੰਦੂ ਤੇ ਕੁਝ ਸਹਿਜਧਾਰੀ ਸਿਖ ਹਨ । ਜਦ ਅਕਾਲੀ ਜੀ ਨੇ ਪੁਛਿਆ ਕਿ ਤੁਹਾਡਾ ਨਿਰਬਾਹ ਕਿਸ ਤਰ੍ਹਾਂ ਹੁੰਦਾ ਹੈ। ਤਾਂ ਉਹਨਾਂ ਉਤਰ ਦਿਤਾ, "ਇਥੋਂ ਦੇ ਮੁਸਲਮਾਨਾਂ ਦਾ ਇਸ ਗੁਰਦਵਾਰੇ ਵਿਚ ਬੜਾ ਵਿਸ਼ਵਾਸ ਹੈ। ਉਹ ਕਹਿੰਦੇ ਹਨ ਕਿ ਸਾਡੇ ਪੀਰ ਲੱਖੀ ਸ਼ਾਹ ਸ਼ਾਹਕੋਟ ਵਾਲੇ ਦਾ ਹੁਕਮ ਹੈ ਕਿ 'ਲੋਕ ਤਲਵੰਡੀ ਵਲ ਮੂੰਹ ਕਰਕੇ ਸਜਦਾ ਕਰਨਗੇ।' ਇਸ ਲਈ ਇਹ ਲੋਕ ਚੜ੍ਹਾਵਾ ਬੜਾ ਚੜ੍ਹਾਂਦੇ ਹਨ। ਖਾਣ ਪੀਣ ਦੀ ਕੋਈ ਕਮੀ ਨਹੀਂ ਰਹਿੰਦੀ। ਅਨਾਜ, ਦੁੱਧ, ਘਿਉ, ਗੁੜ, ਸ਼ਕਰ ਅਤੇ ਤੇਲ ਦਾ ਚੜ੍ਹਾਵਾ ਬਹੁਤ ਚੜ੍ਹਦਾ ਹੈ।" ਅਕਾਲੀ ਜੀ ਲਾਹੌਰੋਂ ਹੋ ਕੇ ਅੰਮ੍ਰਿਤਸਰ ਪੁਜ ਗਏ।

## (੪) ਪੀਰ ਲਖੀ ਸ਼ਾਹ, ਸ਼ਾਹਕੋਟ ਵਾਲੇ

ਸ਼ਾਹ ਕੋਟ ਦਾ ਕਸਬਾ ਸਾਂਗਲਾ ਹਿੱਲ ਤੋਂ ਵੀ ਪੰਦਰ੍ਹਾਂ ਸੋਲ੍ਹਾਂ ਮੀਲ ਹੈ ਤੇ ਨਨਕਾਣਾ ਸਾਹਿਬ ਤੋਂ ਵੀ ਏਨਾ ਕੁ ਹੀ ਹੈ। ਉਥੋਂ ਦੇ ਪੀਰ ਲੱਖੀ ਸ਼ਾਹ ਨੂੰ ਉਸ ਸਾਰੇ ਇਲਾਕੇ ਦੇ ਲੋਕ ਪੀਰ ਮੰਨਦੇ ਸਨ ਤੇ ਉਹ ਆਪਣੇ ਮੁਰੀਦਾਂ ਨੂੰ ਨਾਲ ਲੈ ਕੇ ਬਾਹਰ ਪਿੰਡਾਂ ਵਿਚ ਜਾਂਦੇ ਸਨ। ਉਹ ਬੋਲਦੇ ਬਹੁਤ ਘਟ ਸਨ, ਇਸ ਲਈ ਆਮ ਲੋਕ ਉਨ੍ਹਾਂ ਨੂੰ ਪੀਰ ਚੁਪ ਸ਼ਾਹ ਕਹਿੰਦੇ ਸਨ। ਲੋਕ ਉਨ੍ਹਾਂ ਦੀ ਬੜੀ ਸ਼ਰਧਾ ਨਾਲ ਯਥਾ-ਸ਼ਕਤ ਸੇਵਾ ਕਰਦੇ । ਉਹ 'ਰਾਏ ਭੋਏ ਦੀ ਤਲਵੰਡੀ' ਵੀ ਆਂਦੇ ਸਨ ਤੇ ਮਹਿਤਾ ਕਾਲੂ ਜੀ (ਜਿਨ੍ਹਾਂ ਦਾ ਪੂਰਾ ਨਾਮ ਕਲਿਆਣ ਦਾਸ ਸੀ) ਉਨ੍ਹਾਂ ਦੇ ਡੇਰੇ ਨੂੰ ਰਸਦ ਆਦਿਕ ਪੁਚਾਂਦੇ ਤੇ ਉਨ੍ਹਾਂ ਦੀ ਜ਼ਿਆਰਤ ਵੀ ਕਰਦੇ ਸਨ। ਰਾਏ ਬੁਲਾਰ ਵੀ ਉਨ੍ਹਾਂ ਦੇ ਮੁਰੀਦ ਸਨ। ਲੋਕੀ ਚੜ੍ਹਾਵੇ ਚੜ੍ਹਾਂਦੇ ਤੇ ਮੰਨਤਾਂ ਮੰਨਦੇ ਸਨ। ਇਕ ਵੇਰ ਕਾਲੂ ਜੀ ਨਿਮਰਤਾ ਨਾਲ ਪੀਰ ਜੀ ਦੇ ਸਾਹਮਣੇ ਬੈਠੇ ਸਨ। ਲੋਕ ਮਥਾ ਟੇਕ ਟੇਕ ਕੇ ਵਰ ਮੰਗਦੇ ਸਨ, ਪਰ ਕਾਲੂ ਜੀ ਅਡੋਲ ਬੈਠੇ ਸਨ । ਪੀਰ ਜੀ ਦੀ ਨਜ਼ਰ ਇਨ੍ਹਾਂ ਤੇ ਪਈ । ਸਹਿਜ ਅਵਸਥਾ ਵਿਚ ਬੋਲੇ, "ਮਹਿਤਾ ਜੀ, ਮੈਂ ਖ਼ੁਦਾ ਦੀ ਅਵਾਜ਼ ਸੁਣ ਰਿਹਾ ਹਾਂ, ਤੇਰੇ ਘਰ ਪੁੱਤਰ ਜਨਮ ਲਏਗਾ। ਸਾਰੀ ਖ਼ਲਕਤ ਉਸ ਨੂੰ ਸਜਦਾ ਕਰੇਗੀ ਤੇ ਲੋਕ ਤਲਵੰਡੀ ਵਲ ਮੂੰਹ ਕਰ ਕੇ ਮਥਾ ਟੇਕਿਆ ਕਰਨਗੇ ।" ਸਾਰਿਆਂ ਲੋਕਾਂ ਸੁਣ ਲਿਆ ਤੇ ਰਾਏ ਬੁਲਾਰ ਨੇ ਵੀ। ਕੋਈ ਸਾਲ ਕੁ ਪਿਛੋਂ ਹੀ –

"ਆਪਿ ਨਰਾਇਣੁ ਕਲਾ ਧਾਰਿ
ਜਗ ਮਹਿ ਪਰਵਰਿਯਉ" ॥

(੫) ਜਨਵਰੀ ੧੮੧੮ ਵਿਚ ੨੫੦੦੦ ਸਿਖ ਫ਼ੌਜ ਸ਼ਹਿਜ਼ਾਦਾ ਖੜਕ ਸਿੰਘ ਤੇ ਮਿਸਰ ਦੀਵਾਨ ਚੰਦ ਦੀ ਕਮਾਨ ਹੇਠ ਮੁਲਤਾਨ ਵਲ ਚਲੀ। ਖ਼ਾਨਗੜ੍ਹ ਤੇ ਮੁਜ਼ੱਫਰ ਗੜ੍ਹ ਦੇ ਕਿਲ੍ਹੇ ਜਿਤ ਕੇ ਸਿਖ ਫ਼ੌਜ ਨੇ ਮੁਲਤਾਨ ਦਾ ਘੇਰਾ ਪਾ ਲਿਆ। ਕਿਲ੍ਹੇ ਵਿਚ ਦੋ ਹਜ਼ਾਰ ਮੁਸਲਮਾਨ ਫ਼ੌਜ ਸੀ। ਅਖ਼ੀਰ ੪ ਜੂਨ ੧੮੧੮ ਨੂੰ ਵੀਰਵਾਰ ਅਕਾਲੀ ਸਾਧੂ ਸਿੰਘ ਰਾਤ ਦੇ ਸਮੇਂ ਕੁਝ ਅਕਾਲੀ ਸਿੰਘਾਂ ਨਾਲ ਕਿਲ੍ਹੇ ਦੀ ਪਾਟੀ ਕੰਧ ਰਾਹੀਂ ਅੰਦਰ ਜਾ ਵੜੇ ਤੇ ਹੱਥੋ ਹੱਥ ਲੜਾਈ ਪਿਛੋਂ ਨਵਾਬ ਮੁਜ਼ੱਫਰ ਖ਼ਾਨ ਤੇ ਉਸ ਦੇ ਪੰਜ



www.AKJ.Org

ਪੁੱਤਰ—ਸ਼ਾਹਨਵਾਜ਼ ਖ਼ਾਂ, ਮੁਮਤਾਜ਼ ਖ਼ਾਂ, ਅਬਾਜ਼ ਖ਼ਾਂ, ਹੱਕਨਿਵਾਜ਼ ਖ਼ਾਂ ਤੇ ਸ਼ਾਹਬਾਜ਼ ਖ਼ਾਂ ਮਾਰੇ ਗਏ। ਜ਼ੁਲਫ਼ਕਾਰ ਖ਼ਾਂ ਜ਼ਖ਼ਮੀ ਹੋ ਗਿਆ ਤੇ ਸਭ ਤੋਂ ਛੋਟਾ ਸਰਫ਼ਰਾਜ਼ ਖ਼ਾਂ ਇਕ ਕੋਠੜੀ ਵਿਚ ਲੁਕਿਆ ਫੜਿਆ ਗਿਆ। ਮੁਲਤਾਨ ਦਾ ਇਲਾਕਾ ਸਿਖ ਰਾਜ ਵਿਚ ਮਿਲਾ ਲਿਆ ਗਿਆ ਤੇ ਨਵਾਬ ਦੇ ਪੁੱਤਰਾਂ ਨੂੰ ਸ਼ਰਕ ਪੁਰ ਦੀ ਜਗੀਰ ਤੇ ਨੌਂ ਲਖ ਸਾਲਾਨਾ ਦੀ ਪੈਨਸ਼ਨ ਦਿਤੀ ਗਈ।

(੬) ੧੮੧੮ ਦੀ ਦੀਵਾਲੀ ਤੇ ਮੁਲਤਾਨ ਦੀ ਜਿਤ ਦੀ ਖ਼ੁਸ਼ੀ ਵਿਚ ਮਹਾਰਾਜੇ ਨੇ ਅੰਮ੍ਰਿਤਸਰ ਰਾਮ ਬਾਗ ਵਿਚ ਬੜਾ ਭਾਰੀ ਦਰਬਾਰ ਲਗਾਇਆ ਤੇ ਫ਼ੌਜਾਂ ਨੂੰ ਇਨਾਮ ਵੰਡੇ। ਅਕਾਲੀ ਫੂਲਾ ਸਿੰਘ ਜੀ ਨੂੰ ਵੀ ਖ਼ਬਰ ਹੋਈ। ਕਹਿਣ ਲੱਗੇ, "ਇਦ੍ਹੇ ਮਥੇ ਤਾਂ ਨਹੀਂ ਸੀ ਲਗਣਾ, ਪਰ ਨਨਕਾਣਾ ਸਾਹਿਬ ਦਾ ਗੁਰਦਵਾਰਾ ਵੇਖ ਕੇ ਮਨ ਬੜਾ ਖ਼ਰਾਬ ਹੋਇਆ ਹੈ। ਤੇ ਇਹ ਕੰਮ ਮਹਾਰਾਜੇ ਹੀ ਕਰ ਸਕਦੇ ਹਨ।" ਕੁਝ ਸਿੰਘ ਨਾਲ ਲੈ ਕੇ ਰਾਮ ਬਾਗ ਪੁਜੇ। ਜਦ ਮਹਾਰਾਜੇ ਨੇ ਆਉਂਦਿਆਂ ਵੇਖਿਆ ਤਾਂ ਬੜੇ ਸਤਿਕਾਰ ਨਾਲ ਅਗੇ ਹੋ ਕੇ ਮਿਲੇ ਤੇ ਕਹਿਣ ਲਗੇ, "ਆਓ ਬਾਪੂ ਜੀ, ਜੀ ਆਇਆਂ ਨੂੰ, ਧੰਨ ਭਾਗ, ਅਜ ਤੁਹਾਡੇ ਦਰਸ਼ਨ ਹੋਏ ਹਨ।" ਅਕਾਲੀ ਜੀ ਨੇ ਕਿਹਾ, "ਜੀਅ ਤਾਂ ਨਹੀਂ ਸੀ ਕਰਦਾ ਆਣ ਨੂੰ, ਪਰ ਨਨਕਾਣਾ ਸਾਹਿਬ ਦਾ ਗੁਰਦਵਾਰਾ ਵੇਖ ਕੇ ਮਨ ਬੜਾ ਖ਼ਰਾਬ ਹੋਇਆ ਹੈ। ਉਥੇ ਸ਼ਾਨਦਾਰ ਗੁਰਦਵਾਰਾ ਬਣਨਾ ਚਾਹੀਦਾ ਹੈ।" ਮਹਾਰਾਜਾ ਨੇ ਕਿਹਾ, "ਇਥੇ ਤਾਂ ਏਸ ਵੇਲੇ ਇਕ ਲਖ ਰੁਪਿਆ ਹੈ। ਇਹ ਲੈ ਜਾਉ ਤੇ ਇਮਾਰਤ ਸ਼ੁਰੂ ਕਰਵਾ ਦਿਉ। ਹੋਰ ਲੋੜ ਹੋਈ ਤਾਂ ਲਾਹੌਰ ਖ਼ਜ਼ਾਨੇ ਵਿਚੋਂ ਮੰਗਵਾ ਲੈਣਾ।" ਅਕਾਲੀ ਜੀ ਨੇ ਕਿਹਾ, "ਸਾਨੂੰ ਤਾਂ ਲੜਨ ਭਿੜਨ ਦਾ ਕੰਮ ਦਸੋ, ਇਹ ਇਮਾਰਤਾਂ ਬਣਵਾਣਾ ਤੁਹਾਡਾ ਮਹਾਰਾਜਿਆਂ ਦਾ ਹੀ ਕੰਮ ਹੈ।" ਕੋਲ ਰਾਜਾ ਧਿਆਨ ਸਿੰਘ ਬੈਠਾ ਸੀ। ਕਹਿਣ ਲੱਗਾ, "ਦਾਸ ਇਸ ਸੇਵਾ ਲਈ ਹਾਜ਼ਰ ਹੈ।" ਇਕ ਲਖ ਉਸ ਦੇ ਹਵਾਲੇ ਕਰ ਦਿਤਾ ਗਿਆ ਤੇ ਇਕ ਸਾਲ ਦੇ ਅੰਦਰ ਅੰਦਰ ਗੁਰਦਵਾਰਾ ਬਣ ਗਿਆ ਤੇ ਗੁਰਦਵਾਰੇ ਦੇ ਨਾਲ ਹੀ ਨਗਰ ਦਾ ਨਾਮ ਵੀ ਨਨਕਾਣਾ ਸਾਹਿਬ ਹੋ ਗਿਆ।

(੭) ਅਗਲੇ ਸਾਲ ਅਕਾਲੀ ਜੀ ਜਥਾ ਲੈ ਕੇ ਗੁਰਪੁਰਬ ਮਨਾਣ ਲਈ ਅਤੇ ਗੁਰਦਵਾਰੇ ਦੇ ਦਰਸ਼ਨਾਂ ਲਈ ਨਨਕਾਣਾ ਸਾਹਿਬ ਪੁਜੇ। ਪਿੰਡ ਦੇ ਰਾਜਾਂ, ਮਜ਼ਦੂਰਾਂ ਤੇ ਲੋਕਾਂ ਨੇ ਦਸਿਆ ਕਿ "ਅਕਾਲੀ ਜੀ, ਇਸ ਤੇ ਤਾਂ ਸਿਰਫ਼ ਪੰਜਾਹ ਹਜ਼ਾਰ ਲੱਗਾ ਹੈ, ਇਕ ਲਖ ਨਹੀਂ। ਇਕ ਲਖ ਨਾਲ ਤਾਂ ਉਤੇ ਪਤਰੇ ਲੱਗ ਕੇ ਸੋਨੇ ਦੀ ਝਾਲ ਵੀ ਫਿਰ ਸਕਦੀ ਸੀ।"

ਅਕਾਲੀ ਜੀ ਵਾਪਸੀ ਤੇ ਲਾਹੌਰ ਮਹਾਰਾਜਾ ਨੂੰ ਮਿਲੇ ਅਤੇ ਕਿਹਾ, "ਸਿੰਘ ਸਾਹਿਬ, ਤੇਰਾ ਡੋਗਰਾ ਤਾਂ ਗੁਰਦਵਾਰੇ ਲਈ ਦਿਤੀ ਰਕਮ ਵਿਚੋਂ ਵੀ ਪੰਜਾਹ ਹਜ਼ਾਰ ਖਾ ਗਿਆ।" ਮਹਾਰਾਜੇ ਨੇ ਕਿਹਾ, "ਮੈਂ ਕੀ ਕਹਿ ਸਕਦਾ ਹਾਂ, ਹੁਣ ਏਸ ਨੂੰ ਰੱਬ ਹੀ ਸਮੇਟੂ। ਹੋਰ ਕੋਈ ਸੇਵਾ ਦਸੋ।"

ਅਕਾਲੀ ਜੀ ਨੇ ਕਿਹਾ, "ਗੁਰੂ ਨਾਨਕ ਦੇਵ ਜੀ ਦਾ ਜਨਮ ਅਸਥਾਨ ਹੋਵੇ ਤੇ ਉਥੇ ਲੰਗਰ ਦਾ ਪ੍ਰਬੰਧ ਕੋਈ ਨਾ ਹੋਵੇ, ਇਹ ਸੋਭਾ ਨਹੀਂ ਦਿੰਦਾ। ਲੰਗਰ ਦਾ ਪ੍ਰਬੰਧ ਜ਼ਰੂਰ ਕਰੋ।" ਮਹਾਰਾਜਾ ਨੇ ਸ਼ਾਹਦਰੇ ਦੇ ਨਾਲ ਲਗਦੇ ੧੨ ਪਿੰਡਾਂ ਦੀ ਜਾਗੀਰ ਗੁਰਦਵਾਰਾ ਨਨਕਾਣਾ ਸਾਹਿਬ ਦੇ ਨਾਂ ਲਾ ਦਿਤੀ। ਜਿਸਦਾ ਭਾਵ ਇਹ ਸੀ ਕਿ ਇਨ੍ਹਾਂ ਬਾਰ੍ਹਾਂ ਪਿੰਡਾਂ ਦੇ ਮਾਲੀਏ ਦੀ ਸਾਰੀ ਰਕਮ ਪਹਿਲਾਂ ਖ਼ਜ਼ਾਨੇ ਵਿਚ ਜਮ੍ਹਾ ਹੋ ਕੇ, ਗੁਰਦਵਾਰੇ ਦੇ ਪ੍ਰਬੰਧਕਾਂ ਨੂੰ ਮਿਲ ਜਾਂਦੀ ਸੀ। ਢੇਰ ਚਿਰ ਇਸੇ ਤਰ੍ਹਾਂ ਹੀ ਪ੍ਰਬੰਧ ਚਲਦਾ ਰਿਹਾ। ਜਦ ਅੰਗਰੇਜ਼ੀ ਰਾਜ ਵਿਚ ਅਪਰ ਚਨਾਬ ਤੇ ਲੋਇਰ ਚਨਾਬ ਨਹਿਰਾਂ ਕੱਢੀਆਂ ਗਈਆਂ ਤਾਂ ਲਾਇਲਪੁਰ ਦਾ ਜ਼ਿਲਾ ਨਵਾਂ ਬਣਿਆ ਅਤੇ ਗੁਜਰਾਂਵਾਲੇ ਦੇ ਕੁਝ ਹਿਸੇ ਤੇ ਸ਼ਕਰਪੁਰ ਤਹਿਸੀਲ ਦੀ ਬਾਰ ਵਿਚ ਅੱਧੀ ਨਹਿਰੀ ਜ਼ਮੀਨ ਤਾਂ ਉਨ੍ਹਾਂ ਦੇ ਜੱਦੀ ਮੁਸਲਮਾਨ ਮਾਲਕਾਂ ਪਾਸ ਹੀ ਰਹਿਣ ਦਿਤੀ ਗਈ, ਤੇ ਅਧੀ ਉਤੇ ਅੰਮ੍ਰਿਤਸਰ, ਜਲੰਧਰ, ਹੁਸ਼ਿਆਰਪੁਰ ਅਤੇ ਲੁਧਿਆਣਾ ਦੇ ਥੋੜੀ ਜ਼ਮੀਨ ਵਾਲੇ ਕਾਸ਼ਤਕਾਰ ਲਿਜਾ ਕੇ ਆਬਾਦ ਕੀਤੇ ਗਏ, ਪ੍ਰੰਤੂ ਨਨਕਾਣਾ ਸਾਹਿਬ ਦੇ ਉਦਾਲੇ ਪੁਦਾਲੇ ਕੋਈ ਵੀਹ ਹਜ਼ਾਰ ਏਕੜ ਜ਼ਮੀਨ ਗੁਰਦਵਾਰੇ ਦੇ ਨਾਂ ਲਗਾ ਦਿਤੀ ਤੇ ਸ਼ਾਹਦਰੇ ਲਾਗਲੇ ਬਾਰ੍ਹਾਂ ਪਿੰਡਾਂ ਦੀ ਜਾਗੀਰ ਬੰਦ ਕਰ ਦਿਤੀ ਗਈ।



www.AKJ.Org

# ਸਿਖਾਂ ਪ੍ਰਤੀ ਇਕ ਨਿਊਜ਼ੀਲੈਂਡਰ ਦੀ ਸਦ-ਭਾਵਨਾ

[ ਵਲੋਂ—ਪ੍ਰੋ: ਪ੍ਰਕਾਸ਼ ਸਿੰਘ, ਇੰਚਾਰਜ ਸਿਖ ਹਿਸਟਰੀ ਰੀਸਰਚ ਡੀਪਾਰਮੈਂਟ, ਖ਼ਾਲਸਾ ਕਾਲਜ, ਸ੍ਰੀ ਅੰਮ੍ਰਿਤਸਰ ]

ਭਾਰਤ ਅਜੇ ਆਜ਼ਾਦ ਨਹੀਂ ਸੀ ਹੋਇਆ।ਅਜ ਤੋਂ ਲਗ ਪਗ ਤਿਨ ਦਹਾਕੇ ਪਹਿਲਾਂ ਦੀ ਗੱਲ ਹੈ । ਦੂਜਾ ਸੰਸਾਰ-ਯੁਧ ਸਿਖਰਾਂ ਤੇ ਸੀ। ਭਾਰਤੀ ਫ਼ੌਜਾਂ, ਜਿਨ੍ਹਾਂ ਵਿਚ ਸਿਖ ਚੋਖੀ ਗਿਣਤੀ ਵਿਚ ਸਨ, ਅੰਗਰੇਜ਼ਾਂ ਵਾਸਤੇ ਲੜ ਰਹੀਆਂ ਸਨ। ਅੰਗਰੇਜ਼ਾਂ ਦੇ ਪਖ ਤੇ ਹੋਰ ਭੀ ਕੁਝ ਦੇਸ਼ ਸਨ, ਜਿਨ੍ਹਾਂ ਵਿਚੋਂ ਇਕ ਨਿਊਜ਼ੀਲੈਂਡ ਵੀ ਸੀ । ਨਿਊਜ਼ੀਲੈਂਡ ਇਕ ਟਾਪੂ ਹੈ, ਜੋ ਹੈ ਤਾਂ ਜਾਪਾਨ ਜਿਤਨਾ ਪਰ ਉਸਦੀ ਵਸੋਂ ਜਾਪਾਨ ਤੋਂ ਕੋਈ ਦਸਵਾਂ ਹਿਸਾ ਹੈ । ਨਿਊਜ਼ੀਲੈਂਡ ਦੇ ਕੁਝ ਫ਼ੌਜੀ ਤੇ ਸਿਖ ਫ਼ੌਜੀ ਅੰਗਰੇਜ਼ਾਂ ਵਾਸਤੇ ਲੜਦੇ ਲੜਦੇ ਦੁਸ਼ਮਨਾਂ ਦੇ ਹੱਥ ਆ ਗਏ। ਉਨ੍ਹਾਂ ਨੂੰ ਜੰਗੀ ਕੈਦੀ ਬਣਾ ਲਿਆ ਗਿਆ। ਇਨ੍ਹਾਂ ਜੰਗੀ ਕੈਦੀਆਂ ਵਿਚੋਂ ਚਾਰ ਸਿਖ ਕੈਦੀ ਤੇ ਇਕ ਨਿਊਜ਼ੀਲੈਂਡ ਦਾ ਕੈਦੀ, ਜਰਮਨੀ ਦੀ ਕਿਸੇ ਜੇਲ੍ਹ ਵਿਚ ਇਕੱਠੇ ਹੀ ਕੈਦ ਕਰ ਦਿਤੇ ਗਏ । ਉਦੋਂ ਸਰਦੀਆਂ ਦੇ ਦਿਨ ਸਨ। ਜਰਮਨੀ ਵਿਚ, ਜਿਥੇ ਕਿ ਉਂਜ ਹੀ ਬੜੀ ਸਰਦੀ ਪੈਂਦੀ ਹੈ, ਉਨ੍ਹਾਂ ਦਿਨਾਂ ਵਿਚ ਕਹਿਰਾਂ ਦੀ ਸਰਦੀ ਪੈ ਰਹੀ ਸੀ। ਜਰਮਨੀ ਵਿਚ ਅੰਗਰੇਜ਼-ਪੱਖੀ ਜੰਗੀ ਕੈਦੀਆਂ ਵਿਚੋਂ ਜੋ ਨਿਊਜ਼ੀਲੈਂਡ ਦਾ ਫ਼ੌਜੀ ਸੀ, ਉਸ ਨੂੰ ਦੁਸ਼ਮਨਾਂ ਨੇ ਉਸ ਵੇਲੇ ਆ ਫੜਿਆ ਜਦ ਕਿ ਉਹ ਕਪੜੇ ਬਦਲ ਰਿਹਾ ਸੀ । ਉਦੋਂ ਉਹ ਕੇਵਲ ਇਕ ਨਿੱਕਰ ਜਿਹੀ ਵਿਚ ਸੀ। ਉਸ ਨੂੰ ਇੰਜ ਹੀ ਜੇਲ੍ਹ ਵਿਚ ਲਿਆ ਕੇ ਬੰਦ ਕਰ ਦਿਤਾ ਗਿਆ। ਸਖ਼ਤ ਸਰਦੀ ਵਿਚ ਕਪੜਿਆਂ ਤੋਂ ਬਗ਼ੈਰ ਉਸ ਦੀ ਜਾਨ ਨਿਕਲ ਰਹੀ ਸੀ । ਉਹ ਜਿਸ ਜੇਲ੍ਹ-ਕੋਠੜੀ ਵਿਚ ਬੰਦ ਸੀ, ਉਸ ਦੇ ਨਾਲ ਦੀ ਕੋਠੜੀ ਵਿਚ ਕੁਝ ਸਿਖ ਜੰਗੀ ਕੈਦੀ ਬੰਦ ਸਨ। ਕਪੜਿਓਂ ਬਿਨਾਂ ਨਿਊਜ਼ੀਲੈਂਡ ਦਾ ਫ਼ੌਜੀ ਸਰਦੀ ਨਾਲ ਠਰੂੰ ਠਰੂੰ ਕਰਦਾ ਹੋਇਆ ਤਰਲੇ ਲੈ ਰਿਹਾ ਸੀ ਕਿ ਉਸ ਨੂੰ ਕੁਝ ਕਪੜੇ ਦੇ ਦਿਤੇ ਜਾਣ। ਦੁਸ਼ਮਣ ਬੇ-ਰਹਿਮ ਸੀ। ਉਸ ਦੀ ਕੂਕ-ਫ਼ਰਿਆਦ ਦਾ ਕੋਈ ਅਸਰ ਨਾ ਹੋਇਆ । ਨਾਲ ਦੀ ਕੋਠੜੀ ਵਿਚ ਸਿਖ ਫ਼ੌਜੀਆਂ ਨੇ ਵੀ ਉਸ ਦੇ ਤਰਲੇ ਸੁਣੇ। ਉਨ੍ਹਾਂ ਸਿਖ-ਕੈਦੀਆਂ ਨੇ ਰਲ ਕੇ ਗੁਜ਼ਾਰੇ ਜੋਗੇ ਕੁਝ ਕਪੜੇ ਇਕੱਠੇ ਕੀਤੇ ਤੇ ਠੰਡ ਨਾਲ ਕੰਬਦੇ ਹੋਏ ਨਿਊਜ਼ੀਲੈਂਡ ਦੇ ਫ਼ੌਜੀ ਨੂੰ ਨਾਲ ਦੀ ਕੋਠੜੀ ਵਿਚ ਭੇਜਣ ਦਾ ਪ੍ਰਬੰਧ ਕਰ ਲਿਆ। ਉਸ ਨੇ ਕਪੜੇ ਪਾਏ ਤਾਂ ਉਸ ਦੀ ਜਾਨ ਵਿਚ ਜਾਨ ਆਈ । ਉਸ ਨੇ ਸਿਖ ਫ਼ੌਜੀਆਂ ਦਾ ਉੱਚੀ ਉੱਚੀ ਧੰਨਵਾਦ ਕੀਤਾ ਤਾਂ ਜੁ ਉਹ ਨਾਲ ਦੀ ਕੋਠੜੀ ਵਿਚ ਸੁਣ ਲੈਣ। ਉਹ ਚਾਹੁੰਦਾ ਸੀ ਕਿ ਉਨ੍ਹਾਂ ਨੂੰ ਮਿਲ ਕੇ ਉਨ੍ਹਾਂ ਦਾ ਸ਼ੁਕਰਾਨਾ ਕਰੇ, ਪਰ ਉਹ ਇੰਜ ਕਰ ਨਾ ਸਕਿਆ, ਕਿਉਂਕਿ ਆਪਣੀ ਕੋਠੜੀ ਵਿਚੋਂ ਨਿਕਲ ਕੇ ਉਨ੍ਹਾਂ ਤੱਕ ਪਹੁੰਚਣਾ ਅਸੰਭਵ ਸੀ।

(੨)

ਭਾਵੇਂ ਉਸ ਨਿਊਜ਼ੀਲੈਂਡ ਵਾਲੇ ਫ਼ੌਜੀ ਨੇ ਬੜਾ ਯਤਨ ਕੀਤਾ ਕਿ ਉਨ੍ਹਾਂ ਸਿਖ ਫ਼ੌਜੀਆਂ ਨੂੰ ਮਿਲ ਕੇ ਉਨ੍ਹਾਂ ਦਾ ਧੰਨਵਾਦ ਕਰ ਸਕੇ, ਪਰ ਉਹ ਸਫਲ ਨਾ ਹੋਇਆ । ਕੁਝ ਚਿਰ ਮਗਰੋਂ ਉਹ ਕਿਸੇ ਹੋਰ ਜੇਲ੍ਹ ਵਿਚ ਭੇਜ ਦਿਤਾ ਗਿਆ ਅਤੇ ਸਿਖ ਫ਼ੌਜੀ ਕਿਸੇ ਹੋਰ ਜੇਲ੍ਹ ਵਿਚ।...

ਜਦ ਸੰਸਾਰ-ਯੁਧ ਖ਼ਤਮ ਹੋ ਗਿਆ ਤਾਂ ਜੰਗੀ ਕੈਦੀ ਆਪੋ ਆਪਣੇ ਦੇਸ਼ ਵਿਚ ਵਾਪਸ ਪਰਤ ਆਏ। ਭਾਰਤ ਆਜ਼ਾਦ ਹੋ ਗਿਆ। ਅੰਗਰੇਜ਼ ਚਲੇ ਗਏ। ਆਜ਼ਾਦ ਭਾਰਤ ਵਿਚ ਕੁਝ ਸਮਾਂ ਹੋਰ ਨੌਕਰੀ ਕਰਨ ਮਗਰੋਂ ਉਹ ਰੀਟਾਇਰ ਹੋ ਗਏ ਤੇ ਆਪੋ ਆਪਣੀ ਘਰੀਂ ਚਲੇ ਗਏ।...

ਉਧਰ ਨਿਊਜ਼ੀਲੈਂਡ ਦਾ ਫ਼ੌਜੀ ਆਪਣੇ ਦੇਸ਼ ਵਾਪਸ ਪਰਤ ਗਿਆ। ਉਥੇ ਕੁਝ ਦੇਰ ਫ਼ੌਜ ਦੀ ਨੌਕਰੀ ਕਰਨ ਮਗਰੋਂ ਉਹ ਆਪਣੇ ਪਿੰਡ ਚਲਾ ਗਿਆ, ਜਿਥੇ ਉਸ ਦੀ ਕੁਝ ਜ਼ਮੀਨ ਸੀ। ਉਥੇ ਜਾ ਕੇ ਉਹ ਵਾਹੀ ਕਰਨ ਲੱਗ ਪਿਆ।...

ਨਿਊਜ਼ੀਲੈਂਡ ਦੇ ਉਸ ਫ਼ੌਜੀ ਨੇ ਆਪਣੇ ਪਰੀਵਾਰ ਨੂੰ, ਆਪਣੇ ਰਿਸ਼ਤੇਦਾਰਾਂ ਨੂੰ, ਸਜਣਾਂ ਮਿਤਰਾਂ ਤੇ ਕਈ ਜਾਣਕਾਰਾਂ ਨੂੰ ਇਹ ਗੱਲ ਦਸੀ ਕਿ ਕਿਵੇਂ ਕੁਝ ਸਿਖ ਫ਼ੌਜੀਆਂ ਨੇ ਉਸ ਨੂੰ ਜਰਮਨੀ ਦੀ ਜੇਲ੍ਹ-ਕੋਠੜੀ ਵਿਚ ਆਪਣੇ ਤਨ ਦੇ ਕਪੜੇ ਦੇ ਕੇ ਸਖ਼ਤ ਸਰਦੀ ਦੇ ਮਾਰੂ ਅਸਰ ਤੋਂ ਬਚਾਅ ਕੇ ਇਕ ਵਡਾ ਉਪਕਾਰ ਕੀਤਾ ਸੀ।



www.AKJ.Org

ਉਹ ਆਪਣੇ ਸੰਬੰਧੀਆਂ ਨੂੰ ਇਹ ਭੀ ਦਸਦਾ ਕਿ ਉਹ ਚਾਹੁੰਦਾ ਸੀ ਕਿ ਉਨ੍ਹਾਂ ਸਿਖ ਫ਼ੌਜੀਆਂ ਨੂੰ ਮਿਲ ਕੇ ਕਿਸੇ ਪ੍ਰਕਾਰ ਉਨ੍ਹਾਂ ਦਾ ਅਹਿਸਾਨ ਚੁਕਾਉਂਦਾ । ਪਰ ਉਹ ਅਜਿਹਾ ਨਾ ਕਰ ਸਕਿਆ ।

ਇੰਜ ਸਮਾਂ ਬੀਤਦਾ ਗਿਆ ਤੇ ਉਸ ਫ਼ੌਜੀ ਦੇ ਮਨ ਵਿਚ ਇਹ ਇੱਛਾ ਦਬੀ ਰਹਿ ਗਈ ਕਿ ਕਿਸੇ ਤਰ੍ਹਾਂ ਉਹ ਉਨ੍ਹਾਂ ਸਿਖ ਫ਼ੌਜੀਆਂ ਦਾ ਰਿਣ ਲਾਹੇ; ਜਿਨ੍ਹਾਂ ਨੇ ਕਿ ਉਸ ਦੀ ਕਹਿਰਾਂ ਦੀ ਸਰਦੀ ਤੋਂ ਜਾਨ ਬਚਾਈ ਸੀ ।

(੩)

ਲਗ ਪਗ ਤਿੰਨ ਦਹਾਕੇ ਬੀਤ ਗਏ । ਨਿਊਜ਼ੀਲੈਂਡ ਦਾ ਉਹ ਫ਼ੌਜੀ ਬੁੱਢਾ ਹੋ ਗਿਆ । ਇਤਨਾ ਸਮਾਂ ਬੀਤ ਜਾਣ ਤੇ ਵੀ ਉਹ ਸਿਖ ਫ਼ੌਜੀਆਂ ਦਾ ਕੀਤਾ ਉਪਕਾਰ ਨਹੀਂ ਸੀ ਭੁਲਿਆ । ਇਹ ਫ਼ੌਜੀ ਧਾਰਮਕ ਭਾਵਾਂ ਵਾਲਾ ਸੀ । ਰੱਬ ਦੇ ਭੈ ਤੇ ਉਸ ਦੀ ਭਾਵਨੀ ਵਿਚ ਵਿਚਰਨ ਵਾਲਾ ਸੀ । ਹਰ ਐਤਵਾਰ ਗਿਰਜੇ ਜਾਂਦਾ ਸੀ । ਉਸ ਨੇ ਆਪਣੇ ਇਲਾਕੇ ਦੇ ਇਕ ਵਡੇ ਗਿਰਜੇ ਦੇ ਪਾਦਰੀ ਨਾਲ ਗੱਲ ਕੀਤੀ ਕਿ ਜਦ ਉਹ ਫ਼ੌਜ ਦੀ ਨੌਕਰੀ ਵਿਚ ਸੀ ਤਾਂ ਕੁਝ ਸਿਖ ਫ਼ੌਜੀਆਂ ਨੇ ਉਸ ਨਾਲ ਹਮਦਰਦੀ ਕਰ ਕੇ ਕਿਵੇਂ ਸਖ਼ਤ ਸਰਦੀ ਤੋਂ ਉਸ ਦੀ ਜਾਨ ਬਚਾਈ ਸੀ । ਫਿਰ ਉਸ ਨੇ ਉਸ ਪਾਦਰੀ ਤੋਂ ਸਲਾਹ ਲਈ ਕਿ ਉਹ ਕਿਵੇਂ ਆਪਣੇ ਮਨ ਦੀ ਇਕ ਪੁਰਾਣੀ ਦਬੀ ਹੋਈ ਖ਼ਾਹਿਸ਼ ਪੂਰੀ ਕਰ ਸਕਦਾ ਹੈ ਕਿ ਕਿਸੇ ਤਰ੍ਹਾਂ ਉਨ੍ਹਾਂ ਸਿਖਾਂ ਦਾ ਰਿਣ ਲਹਿ ਜਾਏ । ਪਾਦਰੀ ਸਾਹਿਬ ਨੇ ਉਸ ਫ਼ੌਜੀ ਨੂੰ ਸਲਾਹ ਦਿੰਦੇ ਹੋਏ ਆਖਿਆ—"ਢੇਰ ਚਿਰ ਮਗਰੋਂ ਉਨ੍ਹਾਂ ਸਿਖਾਂ ਦਾ ਪਤਾ ਲੱਗਣਾ ਤਾਂ ਅਸੰਭਵ ਹੈ । ਰੱਬ ਜਾਣੇ ਉਹ ਸਿਖ ਫ਼ੌਜੀ ਹੁਣ ਜੀਉਂਦੇ ਭੀ ਹਨ ਕਿ ਨਹੀਂ ।......ਹਾਂ ਇਕ ਤਰੀਕੇ ਨਾਲ ਤੂੰ ਆਪਣੇ ਮਨ ਦੀ ਇੱਛਾ ਪੂਰੀ ਕਰ ਸਕਦਾ ਹੈਂ । ਉਹ ਇੰਜ ਕਿ ਤੂੰ ਕੁਝ ਭੇਟਾ ਸਿਖਾਂ ਦੇ ਧਰਮ-ਕੇਂਦਰ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਭੇਜ ਕੇ ਇਹ ਅਨਭਵ ਕਰ ਲੈ ਕਿ ਤੂੰ ਉਨ੍ਹਾਂ ਸਿਖ ਫ਼ੌਜੀਆਂ ਦਾ ਧੰਨਵਾਦ ਕੀਤਾ ਹੈ ਤੇ ਅਹਿਸਾਨ ਚੁਕਾਇਆ ਹੈ ।"

ਇਹ ਤਜਵੀਜ਼ ਉਸ ਦੇ ਮਨ ਲੱਗੀ ਤੇ ਉਸ ਨਿਊਜ਼ੀਲੈਂਡ ਦੇ ਸਾਬਕਾ ਫ਼ੌਜੀ ਨੇ ਆਪਣੀ ਵਾਹੀ ਦੀ ਉਪਜ ਵਿਚੋਂ ਸਹਿਜੇ ਸਹਿਜੇ ਕੁਝ ਪੈਸੇ ਜੋੜੇ । ਉਸ ਕੋਲ ਨੌਂ ਸੌ ਰੁਪਏ ਦੇ ਲਗ ਪਗ ਹੋ ਗਏ ਤਾਂ ਉਸ ਵਿਚਾਰਿਆ ਕਿ ਕਿਵੇਂ ਉਹ ਇਹ ਰਕਮ ਅੰਮ੍ਰਿਤਸਰ ਵਿਖੇ ਭਿਜਵਾਵੇ ।

(੪)

ਨਿਊਜ਼ੀਲੈਂਡ ਦੇ ਉਸ ਸਾਬਕਾ ਫ਼ੌਜੀ ਨੇ ਮੁੜ ਉਸ ਪਾਦਰੀ ਨੂੰ ਮਿਲ ਕੇ ਦਸਿਆ ਕਿ ਉਸ ਨੇ ਨੌਂ ਸੌ ਰੁਪਏ ਜੋੜੇ ਹਨ, ਜੋ ਕਿ ਉਹ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਭੇਜਣਾ ਚਾਹੁੰਦਾ ਹੈ । ਜੇ ਕੋਈ ਉਥੇ ਜਾਣ ਵਾਲਾ ਹੋਵੇ ਤਾਂ ਉਹ ਇਹ ਭੇਟਾ ਉਸ ਰਾਹੀਂ ਭੇਜ ਦੇਵੇ । ਪਾਦਰੀ ਨੇ ਆਪਣੇ ਕੁਝ ਐਸੇ ਮਿਤਰਾਂ ਨਾਲ ਇਸ ਗੱਲ ਦਾ ਜ਼ਿਕਰ ਕੀਤਾ ਜਿਨ੍ਹਾਂ ਦਾ ਸੰਬੰਧ ਭਾਰਤ ਨਾਲ ਸੀ । ਭਾਰਤ ਵਿਚੋਂ ਭੀ ਖ਼ਾਸ ਕਰਕੇ ਪੰਜਾਬ ਨਾਲ, ਤਾਂ ਜੁ ਕੋਈ ਪ੍ਰਬੰਧ ਹੋ ਜਾਵੇ।

ਇਹ ਗੱਲ ਨਿਊਜ਼ੀਲੈਂਡ ਦੇ ਸ਼ਹਿਰ ਡਊਨੇਡਿਨ ਵਿਖੇ ਯੂਨੀਵਰਸਿਟੀ ਆਫ਼ ਓਟੈਗੋ ਦੇ ਕੁਝ ਪ੍ਰੋਫ਼ੈਸਰਾਂ ਤਕ ਅਪੜੀ, ਜਿਨ੍ਹਾਂ ਵਿਚੋਂ ਇਕ ਪ੍ਰੋਫ਼ੈਸਰ ਡਾ: ਐਲਬਰਡ-ਸੀ-ਮੂਰ ਹਨ । ਡਾ: ਮੂਰ ਉਸ ਯੂਨੀਵਰਸਿਟੀ ਵਿਚ ਵਖ ਵਖ ਧਰਮਾਂ ਦਾ ਅਧਿਐਨ ਕਰਾਂਦੇ ਹਨ । ਇਨ੍ਹਾਂ ਨੇ ਕੁਝ ਦੇਰ ਬਾਅਦ ਇੰਗਲੈਂਡ ਜਾਣਾ ਸੀ । ਇਨ੍ਹਾਂ ਨੂੰ ਬੇਨਤੀ ਕੀਤੀ ਗਈ ਕਿ ਉਹ ਭਾਰਤ ਵਿਚੋਂ ਲੰਘਦੇ ਹੋਏ ਅੰਮ੍ਰਿਤਸਰ ਜਾਣ ਤੇ ਉਥੇ ਉਸ ਸਾਬਕਾ ਫ਼ੌਜੀ ਦੀ ਭੇਟ ਸ੍ਰੀ ਦਰਬਾਰ ਸਾਹਿਬ ਅਰਪਣ ਕਰਨ ।

ਡਾ: ਮੂਰ ਨੇ ਆਪਣਾ ਪ੍ਰੋਗਰਾਮ ਇੰਜ ਹੀ ਬਣਾ ਲਿਆ । ਓਟੈਗੋ ਯੂਨੀਵਰਸਿਟੀ ਦੇ ਇਤਿਹਾਸ ਵਿਭਾਗ ਦੇ ਪ੍ਰੋਫ਼ੈਸਰ ਡਾ: ਹਿਊ ਮੈਕਲਿਓਡ ਨੂੰ ਡਾ: ਮੂਰ ਨੇ ਅੰਮ੍ਰਿਤਸਰ ਜਾਣ ਦਾ ਪ੍ਰੋਗਰਾਮ ਦਸਿਆ ਤੇ ਪੁਛਿਆ ਕਿ ਉਹ ਅੰਮ੍ਰਿਤਸਰ ਕਿਸ ਦੇ ਰਾਹੀਂ ਸੌਖੇ ਹੀ ਸ੍ਰੀ ਦਰਬਾਰ ਸਾਹਿਬ ਭੇਟਾ ਦੇ ਸਕੇਗਾ ? ਡਾ: ਮੈਕਲਿਓਡ ਲਗ ਪਗ ਦਸ ਸਾਲ ਪੰਜਾਬ ਰਹਿ ਕੇ ਆਪਣੇ ਦੇਸ਼ ਵਾਪਸ ਗਏ ਹਨ । ਉਹ ਇਥੇ ਖਰੜ, ਬਟਾਲਾ ਤੇ ਅੰਮ੍ਰਿਤਸਰ ਆਦਿ ਸ਼ਹਿਰਾਂ ਵਿਚ ਰਹਿ ਕੇ ਗਏ ਹਨ, ਇਸ ਲਈ ਇਨ੍ਹਾਂ ਦੀ ਚੋਖੀ ਵਾਕਫ਼ੀ ਹੈ । ਨਾਲੇ ਇਨ੍ਹਾਂ ਨੇ ਗੁਰੂ ਨਾਨਕ ਦੇਵ ਜੀ ਦੀਆਂ ਜਨਮ-ਸਾਖੀਆਂ ਤੇ


www.AKJ.Org

ਸਿਖ ਧਰਮ ਸੰਬੰਧੀ ਥੀਸਿਸ ਲਿਖ ਕੇ ਡਾਕਟਰੀ ਦੀ ਡਿਗਰੀ ਲਈ ਸੀ, ਇਸ ਲਈ ਸਿਖ-ਸੰਸਥਾਵਾਂ ਅਤੇ ਸਿਖ ਧਰਮ ਦੇ ਇਤਿਹਾਸ ਦੇ ਪੜ੍ਹਨ-ਪੜ੍ਹਾਉਣ ਵਾਲਿਆਂ ਨਾਲ ਚੰਗੀ ਜਾਣਕਾਰੀ ਹੈ । ਡਾ: ਮੈਕਲਿਓਡ ਨੇ ਡਾ: ਮੂਰ ਨੂੰ ਅੰਮ੍ਰਿਤਸਰ ਪਹੁੰਚਣ ਬਾਰੇ ਹਰ ਤਰ੍ਹਾਂ ਦੀ ਜਾਣਕਾਰੀ ਦਿਤੀ ।

(੫)

ਡਾ: ਮੂਰ ਦੇ ਪ੍ਰੋਗਰਾਮ ਦੀਆਂ ਜਦ ਤਾਰੀਖ਼ਾਂ ਮਿਥੀਆਂ ਗਈਆਂ ਤਾਂ ਡਾ: ਮੈਕਲਿਓਡ ਨੇ ਆਪਣੇ ਕੁਝ ਸਜਣਾਂ ਮਿਤਰਾਂ ਨੂੰ ਚਿਠੀਆਂ ਲਿਖ ਕੇ ਸੂਚਿਤ ਕੀਤਾ ਤੇ ਇਹ ਬੇਨਤੀ ਕੀਤੀ ਕਿ ਡਾ: ਮੂਰ ਦਾ ਹਰ ਤਰ੍ਹਾਂ ਨਾਲ ਖ਼ਿਆਲ ਰਖਿਆ ਜਾਏ ।

ਇਸ ਸੰਬੰਧ ਵਿਚ ਇਕ ਚਿਠੀ ਦਾਸ ਨੂੰ ਭੀ ਮਿਲੀ, ਜਿਸ ਵਿਚ ਡਾ: ਮੈਕਲਿਓਡ ਨੇ ਨਿਊਜ਼ੀਲੈਂਡ ਦੇ ਸਾਬਕਾ ਫ਼ੌਜੀ ਦੀ ਉਪਰ ਕਥਿਤ ਵਾਰਤਾ ਸੰਖੇਪ ਵਿਚ ਲਿਖੀ ਹੋਈ ਸੀ, ਤੇ ਇਹ ਆਸ ਪਰਗਟ ਕੀਤੀ ਕਿ ਅੰਮ੍ਰਿਤਸਰ ਵੇਖੇ ਡਾ: ਮੂਰ ਦੇ ਇਕ ਦਿਨ ਦੇ ਪ੍ਰੋਗਰਾਮ ਦਾ ਪੂਰਾ ਪੂਰਾ ਪ੍ਰਬੰਧ ਕਰ ਦਿਤਾ ਜਾਵੇ । ਉਨ੍ਹਾਂ ਨੇ ਨਾਲ ਹੀ ਮੈਨੂੰ ਨਿਊਜ਼ੀਲੈਂਡ ਦੀ ਇਕ ਅਖ਼ਬਾਰ—"The Otago Daily Times" ਦੀ ਕਾਤਰ ਭੀ ਭੇਜੀ, ਜਿਸ ਵਿਚ ਇਹ ਖ਼ਬਰ ਸੰਖੇਪ ਰੂਪ ਵਿਚ ੧੦ ਅਕਤੂਬਰ ੧੯੭੩ ਨੂੰ ਛਪੀ ਸੀ । ਅਖ਼ਬਾਰ ਵਿਚ ਛਪੀ ਖ਼ਬਰ ਦਾ ਹੂ-ਬ-ਹੂ ਉਤਾਰਾ ਹੇਠਾਂ ਦਿਤਾ ਜਾਂਦਾ ਹੈ ਜਿਸ ਤੋਂ ਇਹ ਸਪੱਸ਼ਟ ਹੁੰਦਾ ਹੈ ਕਿ ਨਿਊਜ਼ੀਲੈਂਡ ਦੇ ਪ੍ਰੈਸ ਨੇ ਇਸ ਗੱਲ ਨੂੰ ਕਿਤਨੀ ਅਹਿਮੀਅਤ ਦਿਤੀ ਹੈ । ਖ਼ਬਰ ਇੰਜ ਹੈ :

TALK OF THE TIMES FOR THE SIKHS

When Dr. Albert Moor, who teaches Phenomenology of Religion at Otago University, visits Amritsar during sabbatical leave in December, he will be taking with him an unusual gift for the Golden Temple of the Sikhs.

The story began in World War II when a New Zealander was captured by the Germans and had only his underpants to stand up in. He was suffering gravely and might well have died if four Sikhs had not helped provide coat and clothes. Now living in an Otago provincial Centre, he decided to give Pound 100 towards the Golden Temple, a centre of Sikhs Community service. This turned out equal 900 rupees, and when they heard the story, some of Dr. Moore's own students added some gifts themselves to make the total up to Rs. 1001.

(The Otago Daily Times, 10. 10. 73)

ਡਾ: ਮੈਕਲਿਓਡ ਨੇ ਆਪਣੀ ਚਿਠੀ ਵਿਚ ਇਹ ਭੀ ਲਿਖਿਆ ਕਿ ਨਿਊਜ਼ੀਲੈਂਡ ਦੇ ਉਸ ਸਾਬਕਾ ਫ਼ੌਜੀ ਨੇ ਸੰਬੰਧਤ ਸਜਣਾਂ ਨੂੰ ਇਹ ਬੇਨਤੀ ਕੀਤੀ ਹੈ ਕਿ ਉਸ ਦੇ ਨਾਮ ਨੂੰ ਨਸ਼ਰ ਨਾ ਕੀਤਾ ਜਾਵੇ, ਕਿਉਂਕਿ ਉਹ ਇਹ ਨਹੀਂ ਚਾਹੁੰਦਾ ਕਿ ਉਸ ਦੇ ਨਾਮ ਦੀ ਚਰਚਾ ਹੋਵੇ । ਉਹ ਇਹ ਚਾਹੁੰਦਾ ਹੈ ਕਿ ਉਸ ਦੀ ਸ੍ਰੀ ਦਰਬਾਰ ਸਾਹਿਬ ਨੂੰ ਜੋ ਭੇਟਾ ਪਹੁੰਚਾਈ ਜਾਵੇ, ਉਹ ਗੁਪਤ ਹੀ ਰਹੇ ।

ਚਿਠੀ ਦੁਆਰਾ ਮੈਨੂੰ ਇਤਨਾ ਪਤਾ ਲਗ ਗਿਆ ਕਿ ਨਿਊਜ਼ੀਲੈਂਡ ਤੋਂ ਗੁਪਤ ਭੇਟਾ ਭੇਜਣ ਵਾਲਾ ਦੂਜੇ ਸੰਸਾਰ-ਯੁਧ ਵੇਲੇ ਇਕ ਸਿਗਨੇਲਰ ਸੀ ।

ਡਾ: ਮੈਕਲਿਓਡ ਨੇ ਇਹ ਭੀ ਲਿਖਿਆ ਕਿ ਜਦ ਡਾ: ਮੂਰ ਨੂੰ ਇਹ ਭੇਟਾ ਅੰਮ੍ਰਿਤਸਰ ਪਹੁੰਚਾਣ ਲਈ ਮਾਇਆ ਦਿਤੀ ਗਈ ਤਾਂ ਉਨ੍ਹਾਂ ਨੇ ਆਪਣੇ ਵਿਦਿਆਰਥੀਆਂ ਨੂੰ ਸਾਰੀ ਵਾਰਤਾ ਦਸੀ । ਕਿਸੇ ਨੇ ਡਾ: ਮੂਰ ਨੂੰ ਇਹ ਦਸਿਆ ਕਿ ਭਾਰਤੀ ਜਦ ਭੇਟਾ ਦੇਂਦੇ ਹਨ ਤਾਂ ਇਹ ਯਤਨ ਕਰਦੇ ਹਨ ਕਿ ਉਹ ਪੂਰੀ ਗਿਣਤੀ ਤੋਂ ਇਕ ਵਧ ਹੋਵੇ ; ਜਿਵੇਂ ਯਾਰ੍ਹਾਂ, ਇੱਕੀ, ਇਕਵੰਜਾ, ਇਕ ਸੌ ਇਕ, ਪੰਜ ਸੌ ਇਕ, ਇਕ ਹਜ਼ਾਰ ਇਕ ਆਦਿ ਆਦਿ........ । ਡਾ: ਮੂਰ ਨੇ ਇਹ ਗੱਲ ਵੀ ਆਪਣੇ ਵਿਦਿਆਰਥੀਆਂ ਨੂੰ ਦਸੀ ਕਿ ਸਿਖ ਵੀ ਦੂਜੇ ਭਾਰਤੀਆਂ ਵਾਂਗ ਇੰਜ ਹੀ ਭੇਟਾ ਦੇਣੀ ਪਸੰਦ ਕਰਦੇ ਹਨ । ਡਾ: ਮੂਰ ਦੇ ਵਿਦਿਆਰਥੀਆਂ ਨੇ ਕਹਿਆ ਕਿ ਉਹ ਇਹ ਚਾਹੁਣਗੇ



www.AKJ.Org

ਕਿ ਇਸ ਭੇਟਾ ਵਿਚ ਇਕ ਸੌ ਇਕ ਰੁਪਏ ਹੋਰ ਪਾ ਕੇ ਇਹ ਰਕਮ ਇਕ ਹਜ਼ਾਰ ਇਕ ਰੁਪਏ ਕਰ ਦਿਤੀ ਜਾਵੇ। ਉਨ੍ਹਾਂ ਵਿਦਿਆਰਥੀਆਂ ਨੇ ਥੋੜੀ ਥੋੜੀ ਪੂੰਜੀ ਪਾ ਕੇ ਇਹ ਭੇਟਾ ੧੦੦੧—੦੦ ਕਰ ਦਿਤੀ।

(੬)

ਜਦ ਡਾ: ਮੂਰ ਦਿਲੀ ਪਹੁੰਚ ਗਏ ਤਾਂ ਪਤਾ ਲਗਾ ਕਿ ਉਹ ੨੧-੧੨-੭੩ ਨੂੰ ਆਪਣੀ ਪਤਨੀ ਤੇ ਦੋ ਬੱਚਿਆਂ ਸਮੇਤ ਅੰਮ੍ਰਿਤਸਰ ਪਹੁੰਚ ਜਾਣਗੇ।

ਗਡੀ ਲਗ ਪਗ ਛੇ ਘੰਟੇ ਲੇਟ ਆਈ। ਸਵੇਰੇ ਦਸ ਕੁ ਵਜੇ ਦਾ ਜੋ ਖ਼ਾਲਸਾ ਕਾਲਜ ਵਿਖੇ ਸੰਖੇਪ ਜਿਹਾ ਪ੍ਰੋਗਰਾਮ ਸੀ ਉਹ ਮਨਸੂਖ਼ ਕਰਨਾ ਪਿਆ ਤੇ ਯਾਰ੍ਹਾਂ ਕੁ ਵਜੇ ਜੋ ਚਾਹ-ਪਾਰਟੀ ਦਾ ਸਮਾਗਮ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿਖੇ ਰਖਿਆ ਹੋਇਆ ਸੀ ਉਹ ਸ਼ਾਮ ਤੇ ਮੁਲਤਵੀ ਕਰਨਾ ਪਿਆ।

ਗਡੀਓਂ ਉਤਰਦਿਆਂ ਹੀ ਡਾ: ਮੂਰ ਨੇ ਆਪਣੀ ਪਤਨੀ ਤੇ ਫਿਰ ਆਪਣੇ ਬੱਚਿਆਂ ਨਾਲ ਸਾਡੀ ਜਾਣ-ਪਛਾਣ ਕਰਾਈ।

(੭)

ਅਸੀਂ—ਡਾ: ਮੂਰ, ਉਨ੍ਹਾਂ ਦੀ ਪਤਨੀ, ਲੜਕੀ ਤੇ ਲੜਕਾ, ਮਿਸਟਰ ਮੈਕਮੁਲਨ (ਪ੍ਰੋਫੈਸਰ ਕ੍ਰਿਸਚਿਅਨ ਕਾਲਜ, ਬਟਾਲਾ) ਤੇ ਮੈਂ—ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਦਫ਼ਤਰ ਪਹੁੰਚੇ, ਜਿਥੇ ਉਨ੍ਹਾਂ ਦਾ ਨਿਘਾ ਸੁਆਗਤ ਕੀਤਾ ਗਿਆ ਤੇ ਸ਼੍ਰੋਮਣੀ ਕਮੇਟੀ ਦੇ ਦਫ਼ਤਰ ਵਿਚ ਉਨ੍ਹਾਂ ਨੂੰ ਪਾਰਟੀ ਦਿਤੀ ਗਈ।

ਡਾ: ਮੂਰ ਮੁੜ ਮੁੜ ਇਸ ਗੱਲ ਦੀ ਖ਼ੁਸ਼ੀ ਪਰਗਟ ਕਰ ਰਹੇ ਸਨ ਕਿ ਰੇਲਵੇ-ਕਰਮਚਾਰੀਆਂ ਦੀ ਹੜਤਾਲ ਤੇ ਗਡੀਆਂ ਦੇ ਲੇਟ ਹੋਣ ਦੇ ਬਾਵਜੂਦ ਵੀ ਉਹ ਮਿਥੀ ਤਰੀਕ ਤੇ ਅੰਮ੍ਰਿਤਸਰ ਪਹੁੰਚ ਗਏ ਤੇ ਇਕ ਗੁਮਨਾਮ ਹਮ-ਵਤਨ ਦੀ ਭੇਟਾ ਸ੍ਰੀ ਦਰਬਾਰ ਸਾਹਿਬ ਤਕ ਪਹੁੰਚਾਣ ਵਿਚ ਸਫਲ ਹੋਏ ਹਨ। ਸ਼੍ਰੋਮਣੀ ਕਮੇਟੀ ਤੇ ਦਰਬਾਰ ਸਾਹਿਬ ਕਮੇਟੀ ਦੇ ਮੁਖੀ ਸਜਣਾਂ ਤੋਂ ਇਲਾਵਾ ਹੋਰ ਵੀ ਕੁਝ ਮੁਖੀ ਲੀਡਰ ਇਸ ਸਮੇਂ ਹਾਜ਼ਰ ਸਨ।

ਮੀਟਿੰਗ-ਰੂਮ ਵਿਚ ਇਕ ਪ੍ਰਭਾਵਸ਼ਾਲੀ ਸਮਾਗਮ ਜੁੜਿਆ, ਜਿਸ ਵਿਚ ਮੈਂ ਡਾ: ਮੂਰ ਦੇ ਆਉਣ ਦਾ ਮਿਸ਼ਨ ਦਸਿਆ ਤੇ ਉਪਰ ਕਥਿਤ ਸਾਰੀ ਵਾਰਤਾ ਸੰਖੇਪ ਵਿਚ ਦਸਦੇ ਹੋਏ ਡਾ: ਮੂਰ ਤੇ ਉਨ੍ਹਾਂ ਦੇ ਪਰੀਵਾਰ ਦੀ ਜਾਣ-ਪਛਾਣ ਕਰਾਈ। ਡਾ: ਮੂਰ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਕਰਮਚਾਰੀਆਂ ਦਾ ਧੰਨਵਾਦ ਕੀਤਾ ਤੇ ਇਥੇ ਆਉਣ ਦੀ ਖ਼ੁਸ਼ੀ ਪਰਗਟ ਕੀਤੀ। ਉਨ੍ਹਾਂ ਦੇ ਅੰਗਰੇਜ਼ੀ ਵਿਚ ਪਰਗਟ ਕੀਤੇ ਖ਼ਿਆਲਾਂ ਦਾ ਮੈਂ ਨਾਲੋ ਨਾਲ ਤਰਜਮਾ ਕਰ ਕੇ ਉਥੇ ਬੈਠੇ ਸਜਣਾਂ ਨੂੰ ਦਸੀ ਗਿਆ। ਡਾ: ਮੂਰ ਨੇ ਕਹਿਆ ਕਿ ਉਸ ਨੂੰ ਇਹ ਪ੍ਰਸੰਨਤਾ ਹੋਈ ਹੈ ਕਿ ਉਹ ਇਕ ਪੁਰਾਣੇ ਫ਼ੌਜੀ ਵਲੋਂ ਭੇਟਾ ਇਥੇ ਪਹੁੰਚਾਣ ਵਿਚ ਸਫਲ ਹੋਇਆ ਹੈ।

ਸ਼੍ਰੋਮਣੀ ਕਮੇਟੀ ਵਲੋਂ ਓਟੈਗੋ ਯੂਨੀਵਰਸਿਟੀ ਲਈ ਅਤੇ ਡਾ: ਮੂਰ ਦੀ ਨਿਜੀ ਲਾਇਬ੍ਰੇਰੀ ਲਈ ਸਿਖ ਧਰਮ ਦੀਆਂ ਕਿਤਾਬਾਂ ਦੇ ਕੁਝ ਸੈੱਟ ਉਨ੍ਹਾਂ ਦੀ ਭੇਟ ਕੀਤੇ ਗਏ। ਡਾ: ਮੂਰ ਦਾ ਪਰੀਵਾਰ ਇਹ ਸਮਾਗਮ ਦੇਖ ਕੇ ਬਹੁਤ ਪ੍ਰਸੰਨ ਹੋ ਰਹਿਆ ਸੀ। ਦੁਪਾਸੀਂ ਧੰਨਵਾਦ ਨਾਲ ਜਦ ਸਮਾਗਮ ਸਮਾਪਤ ਹੋਣ ਲਗਾ ਤਾਂ ਮੈਂ ਉਥੇ ਹਾਜ਼ਰ ਸਜਣਾਂ ਨੂੰ ਬੇਨਤੀ ਕੀਤੀ ਕਿ ਮੈਂ ਖ਼ੁਸ਼ੀ ਦਾ, ਸਦ-ਭਾਵਨਾ ਦਾ, ਖ਼ਾਲਸੇ ਦੀ ਜੈ-ਜੈ-ਕਾਰ ਦਾ ਇਕ ਜੈਕਾਰਾ ਛਡਦਾ ਹਾਂ, ਸੰਗਤਾਂ ਪੂਰੇ ਜ਼ੋਰ ਤੇ ਜੋਸ਼ ਨਾਲ ਜੈਕਾਰੇ ਦਾ ਉਤਰ ਦੇਣ। ਮੈਂ 'ਬੋਲੇ ਸੋ ਨਿਹਾਲ' ਕਹਿ ਕੇ ਜੈਕਾਰਾ ਛਡਿਆ ਤੇ ਸੰਗਤਾਂ ਵਲੋਂ 'ਸਤਿ ਸ੍ਰੀ ਅਕਾਲ' ਦਾ ਉਤਰ ਇਤਨਾ ਉੱਚਾ ਤੇ ਜੋਸ਼ ਭਰਪੂਰ ਸੀ ਜਿਵੇਂ ਅਸਮਾਨ ਗੂੰਜ ਪਿਆ ਹੋਵੇ। ਡਾ: ਮੂਰ ਤੇ ਉਸ ਦੇ ਪਰੀਵਾਰ ਨੂੰ ਖ਼ਾਲਸੇ ਦੇ ਇਸ ਜੈਕਾਰੇ ਦਾ ਭਾਵ ਦਸਦੇ ਹੋਏ ਅਸੀਂ ਮੀਟਿੰਗ ਵਾਲੀ ਥਾਂ ਤੋਂ ਬਾਹਰ ਜਦ ਆ ਰਹੇ ਸਾਂ ਤਾਂ ਡਾ: ਮੂਰ ਮੁੜ ਮੁੜ ਇਹ ਕਹਿ ਰਹੇ ਸਨ, ਮੈਨੂੰ ਇਤਨੇ ਨਿਘੇ ਸੁਆਗਤ ਦੀ ਆਸ ਨਹੀਂ ਸੀ।

(੮)

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੋਂ ਵਿਹਲਿਆਂ ਹੋ ਕੇ ਅਸੀਂ ਸ੍ਰੀ ਦਰਬਾਰ ਸਾਹਿਬ ਦੇ ਦਰਸ਼ਨਾਂ ਲਈ ਜੋੜੇ ਲਾਹੇ। ਸ: ਨਰਿੰਦਰ ਜੀਤ ਸਿੰਘ ਨੇ ਡਾ: ਮੂਰ ਤੇ ਉਨ੍ਹਾਂ ਦੇ ਪਰੀਵਾਰ ਦੇ ਨਾਲ ਹੋ ਕੇ ਵਖ ਵਖ ਅਸਥਾਨਾਂ ਦੇ ਦਰਸ਼ਨ ਕਰਾਏ। ਅਸੀਂ ਲੰਗਰ ਗਏ, ਜਿਥੇ ਮਣਾਂ-ਮੂੰਹੀ ਆਟਾ ਗੁਨ੍ਹਿਆ ਜਾ ਰਹਿਆ ਸੀ।

www.AKJ.Org

ਵਡੀਆਂ ਵਡੀਆਂ ਦੇਗਾਂ ਵਿਚ ਦਾਲ ਤੇ ਭਾਜੀ ਰਿਝ ਰਹੀ ਸੀ। ਪ੍ਰਸ਼ਾਦੇ ਪਕ ਰਹੇ ਸਨ। ਸੰਗਤਾਂ ਪੰਗਤਾਂ ਵਿਚ ਬੈਠ ਕੇ ਲੰਗਰ ਛਕ ਰਹੀਆਂ ਸਨ।

"ਇਹ ਬਹੁਤ ਹੈਰਾਨ ਕਰਨ ਵਾਲੀ ਸੰਸਥਾ ਹੈ", ਡਾ: ਮੂਰ ਨੇ ਕਹਿਆ।

ਵਡੀ ਪਰਕਰਮਾ ਵਿਚੋਂ ਲੰਘਦੇ ਹੋਏ ਅਸੀਂ ਦਰਸ਼ਨੀ ਡਿਉਢੀ ਪਹੁੰਚੇ। ਫਿਰ ਅੰਦਰ ਵਲ ਵਧੇ। ਜਿਉਂ ਜਿਉਂ ਅਸੀਂ ਦਰਬਾਰ ਸਾਹਿਬ ਵਲ ਵਧਦੇ ਜਾ ਰਹੇ ਸਾਂ, ਡਾ: ਮੂਰ ਦੇ ਚਿਹਰੇ ਤੇ ਧਾਰਮਕ ਭਾਵ ਵਧੇਰੇ ਗੂੜ੍ਹੇ ਹੁੰਦੇ ਜਾ ਰਹੇ ਸਨ।

ਅਸੀਂ ਅੰਦਰ ਪਹੁੰਚੇ ਤਾਂ ਦਰਬਾਰ ਸਾਹਿਬ ਵਲੋਂ ਡਾ: ਮੂਰ ਤੇ ਉਨ੍ਹਾਂ ਦੀ ਪਤਨੀ ਨੂੰ ਸਿਰੋਪਾਓ ਦਿਤੇ ਗਏ—ਇਕ ਸਿਰੋਪਾਓ ਹੋਰ ਭੀ ਦਿਤਾ ਗਿਆ, ਉਹ ਸੀ ਉਸ ਨਿਊਜ਼ੀਲੈਂਡਰ ਵਾਸਤੇ, ਜਿਸ ਵਲੋਂ ਕਿ ਡਾ: ਮੂਰ ਭੇਟਾ ਲਿਆਏ ਸਨ।

ਉਨ੍ਹਾਂ ਨੂੰ ਸ੍ਰੀ ਹਰਿਮੰਦਰ ਸਾਹਿਬ ਦੀ ਨਿਤ ਦੀ ਮਰਯਾਦਾ ਦਸੀ ਗਈ। ਡਾ: ਮੂਰ ਤੇ ਉਨ੍ਹਾਂ ਦੀ ਪਤਨੀ ਨੂੰ ਸਿਹਰੇ ਪਾਏ ਗਏ। ਕੜਾਹ ਪ੍ਰਸ਼ਾਦ ਉਨ੍ਹਾਂ ਤੇ ਉਨ੍ਹਾਂ ਦੇ ਬੱਚਿਆਂ ਨੇ ਲੈ ਕੇ ਛਕਿਆ, ਜੋ ਕਿ ਖ਼ਾਸ ਕਰਕੇ ਉਨ੍ਹਾਂ ਦੇ ਲੜਕੇ ਨੂੰ ਬਹੁਤ ਹੀ ਸੁਆਦੀ ਲਗਾ।

ਹਰਿਮੰਦਰ ਸਾਹਿਬ ਉਨ੍ਹਾਂ ਨੇ ਰਾਗੀਆਂ ਨੂੰ ਕੀਰਤਨ ਕਰਦੇ ਵੇਖਿਆ, ਉਪਰ ਪਾਠ ਹੁੰਦਾ ਤੱਕਿਆ। ਅੰਦਰ ਦੀਆਂ ਕੰਧਾਂ ਉਪਰ ਚਿਤਰਕਾਰੀ ਤੇ ਬਾਹਰਲੀਆਂ ਕੰਧਾਂ ਉਪਰ ਕੀਮਤੀ ਪਥਰਾਂ ਦੀ ਜੜ੍ਹਤਕਾਰੀ, ਛਤਾਂ ਤੇ ਗਚ ਤੇ ਟੁਕੜੀ ਦਾ ਕੰਮ, ਸੁਨਹਿਰੀ ਗੁੰਬਦ ਤੇ ਫ਼ਰਸ਼ਾਂ ਉਪਰ ਸੰਗਮਰਮਰ ਦੇ ਵੰਨ-ਸੁਵੰਨੇ ਡੀਜ਼ਾਈਨ ਦੇਖ ਕੇ ਉਹ ਸਾਰੇ ਬਹੁਤ ਪ੍ਰਸੰਨ ਹੋਏ।

ਉਨ੍ਹਾਂ ਲਈ ਜਲੌ ਉਚੇਚੇ ਤੌਰ ਤੇ ਖੋਲ੍ਹਿਆ ਗਿਆ ਸੀ, ਜਿਸ ਦੀ ਇਕ ਇਕ ਚੀਜ਼ ਨੇ ਉਨ੍ਹਾਂ ਨੂੰ ਬਹੁਤ ਪਰਭਾਵਤ ਕੀਤਾ।

ਸ੍ਰੀ ਅਕਾਲ ਤਖ਼ਤ ਸਾਹਿਬ ਦੀ ਅਹਿਮੀਅਤ ਦਸਣ ਮਗਰੋਂ ਜਦ ਉਥੇ ਸੁਰੱਖਿਅਤ ਸ਼ਸਤਰ ਦਿਖਾਏ ਗਏ ਤਾਂ ਡਾ: ਮੂਰ ਨੇ ਆਖਿਆ ਕਿ ਇਹ ਸ਼ਸਤਰ ਪੁਰਾਣਾ ਇਤਿਹਾਸ ਯਾਦ ਕਰਾਂਦੇ ਹਨ।

ਅਜਾਇਬਘਰ ਵਿਚ ਸਿਖਾਂ ਦੀ ਬਹਾਦਰੀ ਦਾ ਜੋ ਇਤਿਹਾਸ ਚਿਤਰਿਆ ਹੋਇਆ ਹੈ ਤੇ ਸਿਖ ਸ਼ਹੀਦਾਂ ਦੇ ਜੋ ਕਾਰਨਾਮੇ ਰੂਪਮਾਨ ਹੁੰਦੇ ਹਨ, ਉਹ ਦੇਖ ਦੇਖ ਕੇ ਡਾ: ਮੂਰ ਦੇ ਬੱਚੇ ਮੁੜ ਮੁੜ ਕਈ ਤਰ੍ਹਾਂ ਦੇ ਪ੍ਰਸ਼ਨ ਕਰਦੇ—ਸਾਫ਼ ਦਿਸ ਰਹਿਆ ਸੀ ਕਿ ਕੰਧਾਂ ਉਪਰ ਲਟਕਦੇ ਹੋਏ ਇਕ ਇਕ ਚਿਤਰ ਦਾ ਉਨ੍ਹਾਂ ਉਪਰ ਡੂੰਘਾ ਅਸਰ ਪੈ ਰਹਿਆ ਹੈ।

(੯)

ਸ੍ਰੀ ਦਰਬਾਰ ਸਾਹਿਬ ਦੇ ਦਰਸ਼ਨਾਂ ਮਗਰੋਂ ਜਦ ਅਸੀਂ ਟੈਕਸੀ ਵਿਚ ਬੈਠ ਕੇ ਖ਼ਾਲਸਾ ਕਾਲਜ ਵਲ ਜਾ ਰਹੇ ਸੀ ਤਾਂ ਡਾ: ਮੂਰ ਤੇ ਉਸ ਦੀ ਪਤਨੀ ਕਦੇ ਲੰਗਰ ਦੀ ਪ੍ਰਸੰਸਾ ਕਰਨ ਤੇ ਕਦੇ ਦਰਬਾਰ ਸਾਹਿਬ ਦੇ ਆਰਟ ਦੀ, ਕਦੇ ਉਹ ਅਜਾਇਬਘਰ ਦੇ ਚਿਤਰਾਂ ਦੀ ਚਰਚਾ ਕਰਨ ਤੇ ਕਦੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸ਼ਸਤਰਾਂ ਦੀ। ਡਾ: ਮੂਰ ਮੁੜ ਮੁੜ ਇਸ ਗੱਲ ਦਾ ਅਫ਼ਸੋਸ ਕਰਨ ਕਿ ਉਨ੍ਹਾਂ ਕੋਲ ਇਤਨਾ ਥੋੜਾ ਸਮਾਂ ਹੈ ਕਿ ਉਹ ਇਥੇ ਵਧੇਰੇ ਸਮਾਂ ਠਹਿਰ ਨਹੀਂ ਸਕੇ।

ਸਿਖਾਂ ਦੀ ਵਿਦਿਅਕ ਸੰਸਥਾ—ਖ਼ਾਲਸਾ ਕਾਲਜ ਦੇਖ ਕੇ ਉਹ ਬਹੁਤ ਪ੍ਰਭਾਵਤ ਹੋਏ। ਉਨ੍ਹਾਂ ਇਥੋਂ ਦੇ ਵਾਯੂ-ਮੰਡਲ ਤੇ ਇਮਾਰਤ-ਸਾਜ਼ੀ ਆਦਿ ਦੀ ਵੀ ਬਹੁਤ ਪ੍ਰਸੰਸਾ ਕੀਤੀ।

ਮੈਂ ਉਨ੍ਹਾਂ ਨੂੰ ਕਾਲਜ ਦੇ ਸਿਖ-ਹਿਸਟਰੀ ਡੀਪਾਰਟਮੈਂਟ ਵਲੋਂ ਪ੍ਰਕਾਸ਼ਤ ਕੁਝ ਪੁਸਤਕਾਂ ਦੇਂਦੇ ਹੋਏ ਕਹਿਆ ਕਿ ਸਿਖਾਂ ਦੇ ਧਰਮ ਮੰਦਰ—ਹਰੀਮੰਦਰ ਸਾਹਿਬ ਦੀ ਯਾਤਰਾ ਮਗਰੋਂ ਇਹ ਤੁਹਾਡੀ ਸਿਖਾਂ ਦੇ ਵਿਦਿਆ-ਮੰਦਰ ਦੀ ਯਾਤਰਾ ਹੈ। ਉਥੇ ਤੁਹਾਨੂੰ ਪੁਸਤਕਾਂ ਮਿਲੀਆਂ, ਇਥੋਂ ਵੀ ਕੁਝ ਪੁਸਤਕਾਂ ਆਪਣੇ ਲਈ ਤੇ ਆਪਣੀ ਯੂਨੀਵਰਸਿਟੀ ਵਾਸਤੇ ਲੈਂਦੇ ਜਾਓ।

( ੧੦ )

ਖਾਣਾ ਖਾਣ ਮਗਰੋਂ ਅਸੀਂ ਸਟੇਸ਼ਨ ਤੇ ਪਹੁੰਚੇ। ਗਡੀ ਵਿਚ ਉਨ੍ਹਾਂ ਦੇ ਬਿਸਤਰੇ ਲਗਾ ਕੇ ਜਦ ਮੈਂ ਉਨ੍ਹਾਂ ਨੂੰ ਅਲਵਿਦਾਅ ਕਹਿ ਰਿਹਾ ਸਾਂ ਤਾਂ ਡਾ: ਮੂਰ ਦੀਆਂ ਅੱਖਾਂ ਵਿਚੋਂ ਮੈਨੂੰ ਅਥਾਹ ਖ਼ੁਸ਼ੀ ਦੀਆਂ ਲਹਿਰਾਂ ਦਿਸ ਰਹੀਆਂ ਸਨ। ਛੇ ਸਤ ਘੰਟਿਆਂ ਦੀ ਸਾਂਝ, ਕਈ ਸਾਲਾਂ



www.AKJ.Org

ਪੁਰਾਣੀ ਸਾਂਝ ਪ੍ਰਤੀਤ ਹੋ ਰਹੀ ਸੀ । ਮੈਂ ਇਉਂ ਮਹਿਸੂਸ ਕਰ ਰਿਹਾ ਸਾਂ ਕਿ ਮੈਂ ਉਨ੍ਹਾਂ ਚਾਰ ਸਿਖਾਂ ਦਾ ਪ੍ਰਤੀਨਿਧ ਹਾਂ ਜਿਨ੍ਹਾਂ ਨੇ ਤੀਹ ਸਾਲ ਪਹਿਲਾਂ ਇਕ ਨਿਊਜ਼ੀਲੈਂਡਰ ਦੀ ਜਾਨ ਬਚਾਈ ਸੀ । ਡਾ: ਮੂਰ, ਉਨ੍ਹਾਂ ਦੀ ਪਤਨੀ ਤੇ ਦੋ ਬੱਚੇ ਉਸ ਨਿਊਜ਼ੀਲੈਂਡਰ ਦੇ ਪ੍ਰਤੀਨਿਧ ਸਨ ਜਿਸ ਨੇ ਭੇਟਾ ਭੇਜੀ ਸੀ । ਜਰਮਨੀ ਵਿਚ ਜੰਗੀ-ਕੈਦੀਆਂ ਦੇ ਕੈਂਪ ਵਿਚ ਚਾਰ ਸਿਖ ਤੇ ਇਕ ਨਿਊਜ਼ੀਲੈਂਡਰ ਮਿਲੇ ਸਨ, ਉਹ ਸਰਦੀਆਂ ਦੇ ਦਿਨ ਸਨ । ਅਜ ਇਕ ਸਿਖ ਚਾਰ ਨਿਊਜ਼ੀਲੈਂਡਰਜ਼ ਨੂੰ "ਗੁਡਬਾਈ" ਕਹਿ ਰਹਿਆ ਹੈ–ਇਹ ਭੀ ਸਰਦੀਆਂ ਦੇ ਦਿਨ ਹਨ ।......

( ੧੧ )

ਗਡੀ ਤੁਰ ਗਈ ਤੇ ਮੈਂ ਆਪਣੇ ਘਰ ਵਲ ਪਰਤ ਰਿਹਾ ਸਾਂ । ਸਵੇਰ ਤੋਂ ਲੈ ਕੇ ਦੁਪਹਿਰ ਤਕ ਪਹਿਲਾਂ ਡਾ: ਮੂਰ ਤੇ ਉਨ੍ਹਾਂ ਦੇ ਪਰੀਵਾਰ ਦੀ ਇੰਤਜ਼ਾਰ ਵਿਚ, ਫਿਰ ਰਾਤ ਤਕ ਉਨ੍ਹਾਂ ਦੀ ਸੰਗਤ ਵਿਚ ਰਹਿਣ ਮਗਰੋਂ ਜਦ ਹੁਣ ਮੈਂ ਇਕੱਲਾ ਘਰ ਆ ਰਹਿਆ ਸਾਂ ਤਾਂ ਮੇਰੇ ਮਨ ਵਿਚ ਕਈ ਤਰ੍ਹਾਂ ਦੇ ਖ਼ਿਆਲ ਬੜੀ ਤੇਜ਼ੀ ਨਾਲ ਇਕ ਮਗਰੋਂ ਦੂਜਾ ਤੇ ਦੂਜੇ ਮਗਰੋਂ ਤੀਜਾ.........ਲੰਘੀ ਜਾ ਰਹੇ ਸਨ :–

"ਗੱਲ ਤਾਂ ਮਾਮੂਲੀ ਜਿਹੀ ਹੀ ਭਾਸਦੀ ਹੈ ਕਿ ਇਕ ਪ੍ਰੋਫ਼ੈਸਰ ਕਿਸੇ ਦੀ ੧੦੦੧–੦੦ ਰੁਪਏ ਦੀ ਭੇਟਾ ਇਥੇ ਲੈ ਕੇ ਆਇਆ ਹੈ । ਪਰ ਕਿਸ ਦੀ ਭੇਟਾ ? ਤੇ ਕਿਉਂ ? ਇਹ ਮਮੂਲੀ ਗੱਲਾਂ ਨਹੀਂ ਹਨ ।"

"ਤੀਹ ਸਾਲ ਪਹਿਲਾਂ ਜਿਨ੍ਹਾਂ ਚਾਰ ਸਿਖ ਫ਼ੌਜੀਆਂ ਨੇ ਇਕ ਨਿਊਜ਼ੀਲੈਂਡਰ ਦੀ ਜਾਨ ਬਚਾਈ, ਉਨ੍ਹਾਂ ਨੇ ਵੀਹਵੀਂ ਸਦੀ ਵਿਚ ਭਾਈ ਘਨਈਆ ਦੀ ਮਿਸਾਲ ਮੁੜ ਤਾਜ਼ੀ ਕਰ ਦਿਤੀ ।......

ਨੇਕੀ ਦੇ ਕੰਮ ਦਾ ਅਸਰ ਜੇ ਇਕ ਇਨਸਾਨ ਤੇ ਇਤਨਾ ਹੈ ਕਿ ਉਹ ਤੀਹ ਸਾਲ ਉਸ ਨੂੰ ਸਿਮਰਦਾ ਰਿਹਾ ਹੈ......ਤਾਂ ਸਮਰੱਥ ਗੁਰੂ ਤੇ ਪਰੀਪੂਰਨ ਪਰਮਾਤਮਾ ਭਲਾ ਕਿਸੇ ਦੇ ਨੇਕ ਕੰਮ ਨੂੰ ਕਿਵੇਂ ਭੁਲਾ ਦਏਗਾ...।"

"ਪਰ ਉਸ ਨਿਊਜ਼ੀਲੈਂਡਰ ਨੇ ਆਪਣਾ ਨਾਮ ਕਿਉਂ ਨਹੀਂ ਦਸਿਆ–ਭੇਟਾ ਗੁਪਤ ਕਿਉਂ ਰਖੀ ? ਗੁਰੂ ਰਾਮ ਦਾਸ ਜੀ ਨੇ ਉਸ ਦੀ ਭੇਟਾ ਜ਼ਰੂਰ ਸਵੀਕਾਰ ਕੀਤੀ ਹੋਏਗੀ–ਜਾਣੀ ਜਾਣ ਪਿਤਾ ਉਸ ਦਾ ਨਾਮ ਜ਼ਰੂਰ ਜਾਣਦੇ ਹਨ । ਕੀ ਭੇਟਾ ਮੁੱਖ ਗੱਲ ਹੈ ਜਾਂ ਕਿ ਨਾਮ ?...... ਪੰਜ ਸਤ ਰੁਪਏ ਦਾਨ ਦੇ ਕੇ ਅਖ਼ਬਾਰਾਂ ਵਿਚ ਨਾਮ ਕਿਉਂ ? ਮਾਮੂਲੀ ਭੇਟਾ ਦੇ ਕੇ ਦਰਬਾਰ ਸਾਹਿਬ ਦੀ ਪਰਕਰਮਾ ਵਿਚ ਪੱਥਰਾਂ ਉਪਰ ਨਾਮ ਕਿਉਂ ਉਕਰੇ ਜਾਂਦੇ ਹਨ ?"

"ਉਹ ਨਿਊਜ਼ੀਲੈਂਡਰ ਸਿਖ ਤਾਂ ਨਹੀਂ, ਈਸਾਈ ਹੈ, ਪਰ ਖ਼ਬਰੇ ਉਸ ਦੀ ਭੇਟਾ ਵਧੇਰੇ ਕਬੂਲ ਹੋਈ ਹੋਵੇ ਬਨਿਸਬਤ ਉਸ ਸਿਖ ਦੀ ਭੇਟਾ ਦੇ, ਜੋ ਕੇਵਲ ਵਿਖਾਵੇ ਵਾਸਤੇ ਭੇਟਾ ਦੇ ਰਿਹਾ ਹੈ ।"

"ਹੋ ਸਕਦਾ ਹੈ ਕਿ ਉਸ ਗੁਮਨਾਮ ਨਿਊਜ਼ੀਲੈਂਡਰ ਦਾ ਨਾਮ ਤਾਂ ਚਿਰਾਂ ਤੋਂ ਸਤਿਗੁਰੂ ਦੇ ਹਿਰਦੇ ਤੇ ਉਕਰਿਆ ਗਿਆ ਹੋਵੇ, ਪਰ ਇਕ ਭੇਖੀ ਤੇ ਪਾਖੰਡੀ ਸਿਖ ਦਾ ਨਾਮ ਅਜੇ ਉਕਰਿਆ ਨਾ ਗਿਆ ਹੋਵੇ, ਜਿਸ ਦੀ ਹਜ਼ਾਰਾਂ ਦੀ ਭੇਟਾ ਤੇ ਨਾਮ ਗੁਰਦੁਆਰਿਆਂ ਦੀਆਂ ਕੰਧਾਂ ਉਪਰ ਉਕਰੇ ਪਏ ਹਨ......।"

ਇਹੋ ਜਿਹੇ ਵਿਚਾਰਾਂ ਵਿਚ ਡੁਬਾ ਮੈਂ ਘਰ ਪਹੁੰਚਿਆ । ਦੂਜੇ ਦਿਨ ਵੀ ਮੇਰੇ ਮਨ ਵਿਚ ਇਹੋ ਜਿਹੇ ਖ਼ਿਆਲਾਂ ਦਾ ਭਰਪੂਰ ਅਸਰ ਰਿਹਾ । ਤੀਜੇ ਦਿਨ ਵੀ ਕਿਸੇ ਕਿਸੇ ਵੇਲੇ ਡਾ: ਮੂਰ ਦੇ ਮਿਸ਼ਨ ਦਾ ਖ਼ਿਆਲ ਆ ਜਾਂਦਾ । ਉਸ ਦਿਨ ਮੈਨੂੰ ਸ਼ਾਮ ਦੀ ਡਾਕ ਵਿਚ ਡਾ: ਮੂਰ ਦੀ ਚਿਠੀ ਮਿਲੀ ਜੋ ਕਿ ਉਨ੍ਹਾਂ ਫ਼ਰੰਟੀਅਰ ਮੇਲ ਵਿਚੋਂ ਲਿਖੀ ਸੀ । ਜਿਸ ਉਪਰ ਲਿਖਿਆ ਸੀ: ਦਿਲੀ ਪਹੁੰਚਣ ਤੋਂ ਕੁਝ ਦੇਰ ਪਹਿਲਾਂ......

ਇਸ ਭਾਵਕ ਚਿਠੀ ਵਿਚ ਧੰਨਵਾਦ ਸੀ । ਪਿਆਰ ਸੀ । ਮਿਤਰਤਾ ਸੀ ! ਸਦ-ਭਾਵਨਾ ਸੀ । ਮਿਠੀ ਯਾਦ ਸੀ । ਖ਼ੁਸ਼ੀ ਸੀ ਤੇ ਇਹ ਆਸ ਵੀ ਕਿ ਡਾ: ਮੂਰ ਦੇ ਤੇ ਮੇਰੇ ਸੰਬੰਧ ਵਧੇਰੇ ਪੱਕੇ ਹੋਣਗੇ......ਮੈਨੂੰ ਇਉਂ ਪ੍ਰਤੀਤ ਹੋਇਆ ਕਿ ਇਹ ਇਕ ਕੌਮ ਦੇ ਦੂਜੀ ਕੌਮ ਨਾਲ ਸੰਬੰਧ ਜੁੜੇ ਹਨ । ਇਕ ਗੁਮਨਾਮ ਨਿਊਜ਼ੀਲੈਂਡਰ ਦੇ ਗੁਮਨਾਮ ਸਿਖ ਫ਼ੌਜੀਆਂ ਨਾਲ ਸੰਬੰਧਾਂ ਦਾ ਸਦਕਾ, ਜੋ ਕਿ ਯੁਧ ਸਮੇਂ ਜਰਮਨੀ ਵਿਚ ਬੀਜ ਰੂਪ ਬਣੇ, ਪਰ ਜਿਨ੍ਹਾਂ ਦਾ ਫਲ ਤੀਹ ਸਾਲ ਮਗਰੋਂ ਡਾ: ਮੂਰ ਦੀ ਇਸ ਯਾਤਰਾ ਨਾਲ ਰੂਪਮਾਨ ਹੋਇਆ ।

ਜੀ ਹਾਂ, ਜਿਹੋ ਜਹਿਆ ਬੀਜ ਹੋਏਗਾ ਉਹੋ ਜਹਿਆ ਹੀ ਫਲ ਉਤਪੰਨ ਹੋਏਗਾ ।



www.AKJ.Org

# ਅਨੰਦਪੁਰੀ ਦੀ ਸੱਦ

"ਸੁਣ ਕੇ ਸਦ ਮਾਹੀ ਦਾ, ਮਹੀਂ ਪਾਣੀ ਘਾਹ ਮਤੋ ਨੇ ।
ਕਿਸੇ ਨਾਲ ਨਾ ਰਲੀਆ ਕਾਈ,ਕੋਦੀ ਸ਼ੌਕ ਪਇਓ ਨੇ।"

ਸ੍ਰੀ ਅਨੰਦਪੁਰ ਸਾਹਿਬ ਵਿਖੇ ਹੋਲਾ ਮਹੱਲਾ ਪਿਛਲੇ ਸਾਲਾਂ ਵਾਂਗ ਐਤਕੀ ੭—੮—੯ ਮਾਰਚ ਨੂੰ ਸਰਬ ਹਿੰਦ ਅਖੰਡ ਕੀਰਤਨੀ ਜਥਿਆਂ ਵਲੋਂ ਮਨਾਇਆ ਜਾ ਰਿਹਾ ਹੈ । ਜਥੇ ਦੇ ਸਭ ਸਿੰਘਾਂ ਨੂੰ ਪੁਰ-ਜ਼ੋਰ ਅਪੀਲ ਕੀਤੀ ਜਾਂਦੀ ਹੈ ਕਿ ਹਰੇਕ ਸਿੰਘ-ਸਿੰਘਣੀ ਵਹੀਰਾਂ ਘਤ ਕੇ ਤੇ ਹੁਮ-ਹੁਮਾ ਕੇ ਆਇ ਦੀਦਾਰ ਬਖ਼ਸ਼ੋ ਜੀ ।

ਅਨੰਦਪੁਰ ਦੀ ਇਹ ਧਰਤੀ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸਾਜੀ ਹੋਈ ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਨਿਵਾਜੀ ਹੋਈ ਹੈ। ਇਹ ਖ਼ਾਲਸਾ ਜੀ ਦਾ ਜਨਮ-ਅਸਥਾਨ ਹੈ । ਤਖ਼ਤ ਸ੍ਰੀ ਕੇਸਗੜ੍ਹ ਖ਼ਾਲਸਾ ਜੀ ਦੀ ਸ਼ਾਨ ਹੈ, ਜਿਥੇ ਕਿ ਪੰਜਾਂ ਪਿਆਰਿਆਂ ਦੀ ਸਾਜਨਾ ਹੋਈ ਅਤੇ ਹਜ਼ਾਰਾਂ ਪ੍ਰਾਣੀਆਂ ਨੇ ਜੀਅ-ਦਾਨ ਪ੍ਰਾਪਤ ਕੀਤਾ । ਇਹ ਧਰਤੀ ਅੰਮ੍ਰਿਤ ਦੀ ਦਾਤ ਪ੍ਰਾਪਤ ਕਰ ਕੇ ਨਿਗੁਰਿਓਂ ਸ-ਗੁਰੇ (ਗੁਰੂ-ਵਾਲੇ) ਬਣਨ ਦਾ ਸੁਨੇਹਾ ਦਿੰਦੀ ਹੈ । ਇਥੇ ਚੋਜੀ ਪਾਤਸ਼ਾਹ ਨੇ ਆਪਣੀ ਆਯੂ ਦਾ ਬਹੁਤਾ ਹਿਸਾ ਬਿਤਾ ਕੇ ਅਨੇਕਾਂ ਅਸਚਰਜ ਕੌਤਕ ਤੇ ਚੋਜ ਵਰਤਾਏ—

ਚੋਜੀ ਮੇਰੇ ਪਿਆਰਿਆ,ਚੋਜੀ ਮੇਰੇ ਗੋਬਿੰਦਾ,
ਹਰਿ ਪ੍ਰਭ ਮੇਰਾ ਚੋਜੀ ਜੀਉ ॥

ਇਥੇ ਸਤਿਗੁਰੂ ਜੀ ਨੇ ਜਿਥੇ ਬੀਰ-ਰਸੀ ਖੇਡਾਂ ਖੇਡੀਆਂ, ਉਥੇ ਨਾਮ-ਰਸ ਦੀਆਂ ਪ੍ਰੇਮ-ਹੋਲੀਆਂ ਨੂੰ ਛਿਨ ਭਰ ਭੀ ਓਹਲੇ ਨਹੀਂ ਕੀਤਾ । ਵਰ੍ਹਦੀਆਂ ਗੋਲੀਆਂ ਤੇ ਤੀਰਾਂ ਦੀ ਵਰਖਾ ਵਿਚ ਵੀ ਅੰਮ੍ਰਿਤ ਵੇਲੇ ਦੇ ਕੀਰਤਨ ਦੇ ਅਨੰਦ-ਭੰਡਾਰੇ ਵਰਤਾਂਦੇ ਰਹੇ । ਇਹ ਸਾਰੀ ਧਰਤੀ ਸਤਿਗੁਰੂ ਜੀ ਦੇ ਚਰਨ-ਕੰਵਲਾਂ ਦੀ ਛੁਹ ਨਾਲ ਪਵਿਤਰ-ਪਾਵਨ ਹੋਈਵੀ ਹੈ ਅਤੇ ਇਸ ਨਗਰੀ ਦੀਆਂ ਜੂਹਾਂ ਦਾ ਦੂਰ ਦੂਰ ਤਕ ਚੱਪਾ ਚੱਪਾ ਸ਼ਹੀਦਾਂ ਦੇ ਖ਼ੂਨ ਨਾਲ ਸਿੰਜਿਆ ਹੋਇਆ ਹੈ । ਅਜੇ ਤਕ ਵਡਭਾਗੇ ਜਨਾਂ ਨੂੰ ਇਥੇ ਪੁਜ ਕੇ ਇਸ ਥਾਂ ਦੇ ਅਸਚਰਜ ਕੌਤਕਾਂ ਦੇ ਝਲਕਾਰੇ ਸਾਮਰਤਖ ਪੈਂਦੇ ਹਨ ।

ਕਲਗੀ ਵਾਲੇ ਪ੍ਰੀਤਮ ਜੀ ਦੀ ਮਿਠੀ ਤੇ ਪਿਆਰੀ ਯਾਦ ਇਹ ਹੋਲਾ ਮਹੱਲਾ ਹੈ । ਸੋ ਆਓ ਜੀ, ਨਾਮ-ਹੋਲੀਆਂ ਰਲ ਮਿਲ ਖੇਡੀਏ ਤੇ ਸਤਿਗੁਰੂ ਜੀ ਦੀਆਂ ਪ੍ਰੇਮ-ਪਿਚਕਾਰੀਆਂ ਦੀ ਵਰਖਾ ਵਿਚ ਆਪਣਾ ਆਪ ਰੰਗੀਏ । ਸਭ ਸੰਗੀ-ਸਾਥੀ ਆਇ ਜੁੜੋ ਜੀ, ਤਾਂ ਜੁ "ਹੋਲੀ ਕੀਨੀ ਸੰਤ ਸੇਵ" ਰਲ ਮਿਲ ਹੋਲੀ ਖੇਡਣ ਦੇ ਭਾਗੀ ਬਣ ਸਕੀਏ ।

ਭਾਈ ਸਾਹਿਬ ਹਰਚਰਨ ਸਿੰਘ ਜੀ ਗੁਰੂ ਕੇ ਪਿਆਰੇ ਲਾਲ ਹਨ ਅਤੇ ਉਹ ਇਸ ਸਮਾਗਮ ਦੀ ਸੇਵਾ ਖ਼ੂਬ ਖ਼ੂਬ ਨਿਭਾ ਰਹੇ ਹਨ । ਸਾਰੇ ਗੁਰਸਿਖ ਵੀਰ-ਭੈਣਾਂ ਉਨ੍ਹਾਂ ਨੂੰ ਤਨ ਮਨ ਨਾਲ ਮਿਲਵਰਤਣ ਦੇਣ ਅਤੇ ਸਾਰੇ ਪ੍ਰੋਗਰਾਮ ਵਿਚ ਉਨ੍ਹਾਂ ਦੇ ਨਾਲ ਹੋ ਕੇ ਤੁਰਨ । ਕੋਈ ਸਜਣ ਉਨ੍ਹਾਂ ਦੀ ਆਗਿਆ ਤੋਂ ਬਿਨਾਂ ਆਪਣੇ ਆਪ ਕੋਈ ਗੱਲ ਵੀ ਨਾ ਕਰੇ। ਇਹ ਗੁਰੂ ਕੀ ਸੇਵਾ ਹੈ ਅਤੇ ਸਾਨੂੰ ਸੇਵਕ ਬਣ ਕੇ ਹੀ ਆਗਿਆਕਾਰੀ ਰਹਿਣਾ ਚਾਹੀਦਾ ਹੈ ।

ਸੰਗਤਾਂ ਦੇ ਦਰਸ਼ਨਾਂ ਦਾ ਅਭਿਲਾਖੀ ਦਾਸਰਾ
**ਮਲ ਸਿੰਘ**
(ਜਥੇਦਾਰ ਸਰਬ ਹਿੰਦ ਅਖੰਡ ਕੀਰਤਨੀ ਜਥਾ)

## 'ਯਾਰੜੇ ਦਾ ਹੋਲੜਾ ਅਨੰਦਪੁਰ ਮਨਾਈਏ ਚਲ'

[ ਵਲੋਂ—ਗਿ: ਗੋਪਾਲ ਸਿੰਘ ਜੀ 'ਮਿਤਰ' ਮਾਲਬ (ਗੁੜਗਾਉਂ) ]

ਗੁਰਸਿਖਾ ਤਿਆਰ ਹੋ ਕੇ ਕਰ ਲੈ ਕਮਰਕਸੇ, ਪਾਇ ਕੇ ਵਹੀਰ ਅਗੇ ਕਦਮ ਵਧਾਈਏ ਚਲ !
ਲਗੇ ਜਿਥੇ ਜਿਥੇ ਪਾਵਨ ਚਰਨ ਕਲਗੀ ਵਾਲੜੇ ਦੇ ਚੁੰਮ ਚੁੰਮ ਖ਼ਾਕ ਮਥੇ ਉਤੇ ਲਾਂਦੇ ਜਾਈਏ ਚਲ !
ਹੋ ਰਿਹੈ ਇਕੱਠ ਸੋਹਣੀ ਪਿਆਰ ਭਰੀ ਧਰਤ ਉਤੇ, ਦੀਦਾਰ ਪੰਥ ਖ਼ਾਲਸੇ ਦਾ ਸੋਹਣਾ ਰਜ ਪਾਈਏ ਚਲ !
ਰਿਦੇ ਲੈ ਉਮਾਹ ਉਤਸ਼ਾਹ, ਸੰਗਤਾਂ ਆਉਣਾ ਏ ਹੋ ਸਕੇ ਤੇ ਕਾਰ-ਸੇਵਾ ਹਥੀ ਕੁਝ ਕਮਾਈਏ ਚਲ !
ਅੰਮ੍ਰਿਤ ਦੀ ਦਾਤ ਦੇ ਕੇ ਨੀਚਹੁੰ ਉਚ ਕਰਨ ਵਾਲੇ, ਸੋਢੀ ਸੁਲਤਾਨ ਦਾ ਅਸਥਾਨ ਪਰਸ ਆਈਏ ਚਲ !
ਦਿਸੇਗਾ ਉਹ ਆਪ ਸੋਹਣਾ ਪੰਥ ਰੂਪ ਵਿਚ'ਮਿਤਰ' ਯਾਰੜੇ ਦਾ ਹੋਲੜਾ ਅਨੰਦਪੁਰ ਮਨਾਈਏ ਚਲ !


www.AKJ.Org

# ਗਿਆਨੀ ਕਿ ਅਗਿਆਨੀ

[ ਵਲੋਂ—ਗਿ: ਗੋਪਾਲ ਸਿੰਘ ਜੀ 'ਮਿਤਰ' ਮਾਲਬ (ਗੁੜਗਾਉਂ) ]

ਬਹੁਤ ਥਾਈਂ ਵੇਖਣ ਵਿਚ ਆਇਆ ਹੈ ਕਿ ਸਿਖ ਨੌਜੁਆਨ ਮੈਟਰਿਕ, ਗਿਆਨੀ ਜਾਂ ਹੋਰ ਉਚੀ ਸ਼੍ਰੇਣੀ ਦੀ ਵਿਦਿਆ ਪ੍ਰਾਪਤ ਕਰ ਕੇ ਕਿਸੇ ਵੀ ਵਿਭਾਗ ਵਿਚ ਨੌਕਰੀਆਂ ਤੇ ਲਗੇ ਹੋਏ ਹਨ, ਉਨ੍ਹਾਂ ਕੇਸਾਂ ਦਾੜ੍ਹਿਆਂ ਦੀ ਬੇਅਦਬੀ ਕਰਨੀ ਇਕ ਖੇਡ ਬਣਾ ਲਈ ਹੈ; ਜੋ ਦੇਖਾ ਦੇਖੀ ਨਿਤ ਪ੍ਰਤੀ ਵਧਦੀ ਜਾ ਰਹੀ ਹੈ । ਉਹ ਅਜਿਹੀਆਂ ਮਾੜੀਆਂ ਕੁਰੀਤੀਆਂ ਕਰਨ ਵਿਚ ਕੋਈ ਐਬ ਨਹੀਂ ਸਮਝਦੇ । ਨਾ ਹੀ ਕਿਸੇ ਦੇ ਸਮਝਾਇਆਂ ਉਨ੍ਹਾਂ ਦੇ ਦਿਲ ਤੇ ਕੋਈ ਅਸਰ ਹੁੰਦਾ ਹੈ । ਕਿਉਂਕਿ ਉਹ ਯੂਨੀਵਰਸਿਟੀ ਦੀ ਗਿਆਨੀ ਆਦਿ ਪ੍ਰੀਖਿਆ ਪਾਸ ਹੁੰਦੇ ਹਨ ਇਸ ਲਈ ਉਹ ਗਿਆਨੀ ਅਖਵਾਉਂਦੇ ਹਨ, ਪਰ ਸਹੀ ਅਰਥਾਂ ਵਿਚ ਉਹ ਅਗਿਆਨੀ ਹੀ ਹਨ ।

ਸੋਚ ਫੁਰਦੀ ਹੈ ਕਿ ਗਿਆਨੀ ਹੁੰਦਿਆਂ ਹੋਇਆਂ ਉਨ੍ਹਾਂ ਵਿਚ ਇਹ ਔਗੁਣ ਕਿਉਂ ਪ੍ਰਵੇਸ਼ ਕਰ ਗਏ ?

ਦੀਰਘ-ਦ੍ਰਿਸ਼ਟੀ ਨਾਲ ਪੜਚੋਲ ਕਰੀਏ ਤਾਂ ਪਤਾ ਚਲਦਾ ਹੈ ਕਿ ਯੂਨੀਵਰਸਿਟੀ ਵਿਚ ਗਿਆਨੀ ਜਾਂ ਹੋਰ ਉਚੀਆਂ ਪ੍ਰੀਖਿਆਵਾਂ ਦੇ ਕੋਰਸਾਂ ਅੰਦਰ ਲਗੀਆਂ ਪੁਸਤਕਾਂ ਆਚਰਨ-ਉਸਾਰੀ ਦਾ ਜਜ਼ਬਾ ਹੀ ਪੈਦਾ ਨਹੀਂ ਕਰਦੀਆਂ, ਸਗੋਂ ਆਚਰਨ-ਹੀਣਤਾ ਦੇ ਭਾਵਾਂ ਨੂੰ ਜਨਮ ਦੇਂਦੀਆਂ ਹਨ । ਧਾਰਮਕ ਭਾਵਨਾਂ ਉਤੇਜਤ ਕਰਨ ਵਾਲੀ ਕੋਈ ਵਿਰਲੀ ਪੁਸਤਕ ਹੀ ਹੁੰਦੀ ਹੈ, ਜਿਵੇਂ ਆਟੇ ਵਿਚ ਲੂਣ । ਅਧਿਆਤਮਕ ਭਾਵਾਂ ਵਿਚਾਰਾਂ ਦਾ ਬੂਟਾ ਪ੍ਰਫੁਲਤ ਹੋਣ ਦੀ ਥਾਂ ਹੌਲੀ ਹੌਲੀ ਕੁਮਲਾਂਦਾ ਹੋਇਆ ਸੁਕੀ ਜਾਂਦਾ ਹੈ ਤੇ ਉਸਦੀ ਥਾਂ ਮਨਮਤ ਦੇ (ਖ਼ੁਦ ਰੌ) ਆਪਣੇ ਆਪ ਉਗ ਪੈਣ ਵਾਲੇ ਬੂਟੇ ਪੈਦਾ ਹੋ ਜਾਂਦੇ ਹਨ, ਜੋ ਉਸ ਨੂੰ ਮਾਨਵਤਾ ਦੀ ਸੁਗੰਧੀ ਨਹੀਂ ਦੇ ਸਕਦੇ । ਫੇਰ ਜਦੋਂ ਨੌਜੁਆਨ ਨੌਕਰੀ ਪ੍ਰਾਪਤ ਕਰ ਕੇ ਆਪਣੀ ਥਾਂ ਤੇ ਪੁਜਦੇ ਹਨ ਤਾਂ ਅਜੋਕੇ ਨਾਸਤਕਤਾ ਦੇ ਯੁਗ ਵਿਚ ਉਨ੍ਹਾਂ ਨੂੰ ਵਾਤਾਵਰਨ ਵੀ ਅਜਿਹਾ ਪ੍ਰਾਪਤ ਹੁੰਦਾ ਹੈ ਕਿ ਉਹ ਸੁਧਾਰ ਦੀ ਥਾਂ ਤੇ ਹੋਰ ਵਧ ਵਿਗਾੜ ਦੇ ਟੋਏ ਵਿਚ ਜਾ ਪੈਂਦੇ ਹਨ, ਜਿਸ ਵਿਚੋਂ ਨਿਕਲ ਕੇ ਸੰਭਲਣਾ ਉਨ੍ਹਾਂ ਦੇ ਵਸ ਤੋਂ ਬਾਹਰਾ ਹੋ ਜਾਂਦਾ ਹੈ । ਉਰਦੂ ਦਾ ਸ਼ਿਅਰ ਹੈ —

ਜੋ ਆਦਤ ਹੋ ਗਈ ਪੱਕੀ,  
ਤੋ ਉਸ ਕਾ ਛੂਟਨਾ ਮੁਸ਼ਕਿਲ ।  
ਧਾਗੋਂ ਕਾ ਜੋ ਬਨੇ ਰੱਸਾ,  
ਤੋ ਉਸ ਕਾ ਟੂਟਨਾ ਮੁਸ਼ਕਿਲ ।

ਗਿਆਨੀ ਪੰਜਾਬੀ ਦੀ ਇਕ ਉਚੀ ਪ੍ਰੀਖਿਆ ਹੈ । ਲੋੜ ਹੈ ਕਿ ਯੂਨੀਵਰਸਿਟੀ ਗਿਆਨੀ ਤੇ ਇਸ ਪਧਰ ਦੀਆਂ ਹੋਰ ਉਚੀਆਂ ਪ੍ਰੀਖਿਆਵਾਂ ਪਾਸ ਕਰਨ ਦੇ ਚਾਹਵਾਨਾਂ ਲਈ ਉਹੀ ਪੁਸਤਕਾਂ ਪ੍ਰਵਾਣਿਤ ਕਰਨ, ਜੋ ਕਿਸੇ ਵੀ ਧਰਮ-ਅਵਲੰਬੀ ਵਿਦਿਆਰਥੀ ਦੇ ਮਨੋ-ਭਾਵਾਂ ਨੂੰ ਗਿਰਾਵਟ ਵਾਲੇ ਪਾਸੇ ਨਾ ਲੈ ਜਾਣ, ਸਗੋਂ ਉਸ ਦੇ ਅੰਤਹਕਰਣ ਨੂੰ ਧਾਰਮਕ ਵਿਚਾਰ-ਧਾਰਾ ਦੀ ਭਰਪੂਰ ਉਤੇਜਨਾ ਦੇਣ, ਤਾਕਿ ਉਹ ਇਕ ਨੇਕ ਦੇਸ਼-ਸੇਵਕ ਬਣੇ ਤੇ ਆਪਣੇ ਕੰਮ ਨੂੰ ਪੂਰੀ ਈਮਾਨਦਾਰੀ ਤੇ ਸਚਾਈ ਨਾਲ ਨਿਭਾਉਂਦਾ ਹੋਇਆ ਹੋਰਨਾਂ ਲਈ ਚਾਨਣ-ਮੁਨਾਰਾ ਬਣੇ ।

ਖ਼ਾਸ ਕਰ ਸਿਖ ਸੰਸਥਾਵਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਚੀਫ਼ ਖ਼ਾਲਸਾ ਦੀਵਾਨ ਆਦਿਕ ਨੂੰ ਇਸ ਪਾਸੇ ਜ਼ਰੂਰ ਧਿਆਨ ਦੇਣਾ ਚਾਹੀਦਾ ਹੈ ਕਿ ਯੂਨੀਵਰਸਿਟੀ ਵਲੋਂ ਇਨ੍ਹਾਂ ਉਚ ਪ੍ਰੀਖਿਆਵਾਂ ਸੰਬੰਧੀ ਪੁਸਤਕਾਂ ਨਿਯੁਕਤ ਕਰਨ ਸਮੇਂ (ਖ਼ਾਸ ਕਰ, ਬੁਧੀਮਾਨ, ਵਿਦਵਾਨ ਤੇ ਗਿਆਨੀ ਲਈ) ਧਾਰਮਕ ਵਿਦਵਾਨਾਂ ਦੀ ਸਲਾਹ ਲਈ ਜਾਵੇ ਤੇ ਉਹ ਪੁਸਤਕਾਂ ਹੀ ਪ੍ਰਵਾਣਿਤ ਕੀਤੀਆਂ ਜਾਣ ਜਿਨ੍ਹਾਂ ਤੋਂ ਆਚਰਨ-ਉਸਾਰੀ ਦੀ ਪਰੇਰਨਾ ਵਧੇਰੇ ਮਿਲ ਸਕਦੀ ਹੋਵੇ ।

---

**ਪਾਠਕ ਜੀ !** ਚਿੱਠੀ ਪੱਤਰ ਕਰਨ ਸਮੇਂ ਆਪਣਾ ਚਿਟ ਨੰਬਰ ਜ਼ਰੂਰ ਲਿਖੋ ਜੀ ।



www.AKJ.Org

# ਸਤਿਆਰਥ-ਪ੍ਰਕਾਸ਼ ਦੇ ਕੁਮੱਤ

[ ਵਲੋਂ—ਗਿ: ਗੁਰਦਿਤ ਸਿੰਘ ਜੀ, ਜਨਰਲ ਸਕੱਤਰ, ਸਿੰਘ ਸਭਾ ਸ਼ਤਾਬਦੀ ਕਮੇਟੀ, ਅੰਮ੍ਰਿਤਸਰ ]

ਇਸ ਵੇਲੇ ਸਿਖਾਂ ਤੇ ਆਰੀਆ ਸਮਾਜੀਆਂ ਦੇ ਸੰਬੰਧ ਆਮ ਤੌਰ ਤੇ ਚੰਗੇ ਹਨ। ਅਫ਼ਸੋਸ ਹੈ ਕਿ ਇਨ੍ਹਾਂ ਨੂੰ ਵਿਗਾੜਨ ਲਈ ਕੁਝ ਸ਼ਕਤੀਆਂ ਵਲੋਂ ਗੁਰੂ ਨਿੰਦਾ ਅਤੇ ਝੂਠੇ ਹਮਲਿਆਂ ਭਰੇ ਹਿੱਸੇ ਸਮੇਤ 'ਸਤਿਆਰਥ ਪ੍ਰਕਾਸ਼' ਗ੍ਰੰਥ ਨੂੰ ਲੱਖਾਂ ਦੀ ਗਿਣਤੀ ਵਿਚ ਛਪਾ ਕੇ ਵੰਡਿਆ ਜਾ ਰਿਹਾ ਹੈ, ਜਿਸ ਕਰਕੇ ਮਜਬੂਰਨ ਸਾਨੂੰ ਅਸਲੀਅਤ ਪ੍ਰਗਟਾਉਣ ਲਈ ਇਹ ਲੇਖ ਲਿਖਣ ਦੀ ਲੋੜ ਪਈ।

੧. ਇਤਨਾ ਨਿਰਾਸ਼ਾ-ਜਨਕ ਪੁਸਤਕ ਮੈਨੇਂ ਦੂਸਰਾ ਨਹੀਂ ਪੜ੍ਹਾ।
੨. ਇਸ ਮੇਂ ਇਸਲਾਮ, ਈਸਾਈ ਔਰ ਖ਼ੁਦ ਹਿੰਦੂ ਧਰਮ ਕੇ ਅਰਥ ਕਾ ਅਨਰਥ ਹੋ ਗਿਆ ਹੈ।
੩. ਆਰੀਆ-ਸਮਾਜੀ ਝਗੜਾਲੂ ਹੋਨੇ ਕੇ ਕਾਰਨ, ਦੂਸਰਾ ਕੋਈ ਨਾ ਮਿਲੇ, ਤੋ ਆਪਸ ਮੇਂ ਝਗੜਾ ਕਰਤੇ ਹੈਂ।

—ਮਹਾਤਮਾ ਗਾਂਧੀ ਜੀ

ਪੰਜਾਬ ਸਰਕਾਰ ਦੀ 'ਦਯਾਨੰਦ-ਫ਼ਾਊਂਡੇਸ਼ਨ' ਨੂੰ ਦਿਤੀ ਮਦਦ ਭਾਰਤ ਦੇ ਵਿਧਾਨ ਦੀਆਂ ਧੱਜੀਆਂ ਉਡਾਊ ਅਤੇ ਗਾਂਧੀ ਜੀ ਦੀ ਭਾਵਨਾ ਦੇ ਜਿਥੇ ਉੱਕਾ ਹੀ ਵਿਰੁੱਧ ਹੈ, ਨਾਲ ਹੀ ਦੇਸ਼ ਦੀ ਭਾਵ-ਆਤਮਕ ਏਕਤਾ ਖ਼ਤਮ ਕਰਨ ਵਾਲੇ, ਝਗੜਾਲੂ ਸਮਾਜੀਆਂ ਦੀ ਇਸ ਬਾਈਬਲ 'ਸਤਿਆਰਥ-ਪ੍ਰਕਾਸ਼' ਨਾਮੀ ਮਹਾਂ ਨਿੰਦਿਆ ਤੇ ਝੂਠੇ ਵਾਕਿਆਤ ਭਰੇ ਗ੍ਰੰਥ ਨੂੰ ਇਕ ਲੱਖ ਛਾਪ ਕੇ ਵੰਡਣ ਤੇ ਉਸ ਦਾ ਮਤ ਪ੍ਰਚਾਰਨ ਵਿਚ ਸਹਾਈ ਹੋ ਰਹੀ ਹੈ। ਉਸ ਬਾਰੇ ਕੁਝ ਜਾਨਣ ਤੋਂ ਪਹਿਲਾਂ ਇਹ ਸਮਝਣਾ ਜ਼ਰੂਰੀ ਹੈ ਕਿ, ਆਖ਼ਰ ਇਹ ਗ੍ਰੰਥ ਹੈ ਕੀ? ਜਿਸ ਨੂੰ ਪੰਜਾਬ ਸਰਕਾਰ ਵਲੋਂ ਪੰਜ ਲੱਖ ਰੁਪਇਆ ਦੇਣ ਦਾ ਐਲਾਨ ਕੀਤਾ ਗਿਆ ਹੈ। ਕੀ ਇਸ ਨਾਲ ਭਾਰਤ ਦੇ ਵਿਧਾਨ ਵਿਚ ਦਿਤੇ ਗਏ ਸਭ ਧਰਮਾਂ ਦੇ ਵਿਕਾਸ ਦੀ ਖੁਲ੍ਹ ਦੇਣ ਵਾਲੀ ਗਰੰਟੀ ਦੇ ਅਹਿਦ-ਨਾਮੇ ਉਤੇ ਇਕ-ਦਮ ਪਾਣੀ ਹੀ ਨਹੀਂ ਫਿਰ ਜਾਂਦਾ? ਬਲਕਿ ਇਸ ਤੋਂ ਵੀ ਮੰਦੀ ਗੱਲ ਇਹ ਹੈ ਕਿ ਇਸ ਤਰ੍ਹਾਂ ਉਸ ਵਿਅਕਤੀ ਦੇ ਨਾਂ ਤੇ ਪ੍ਰਚਾਰ ਨੂੰ ਵੀ ਤੜ੍ਹਾਵਾ ਮਿਲਦਾ ਹੈ, ਜਿਸ ਨੇ ਸਾਰੇ ਧਰਮਾਂ ਤੇ ਖ਼ੁਦ ਹਿੰਦੂ ਧਰਮ ਦੀ ਨਿੰਦਾ ਅਤੇ ਭਾਰਤ ਦੇ ਮਹਾਂ-ਪੁਰਖਾਂ ਦੇ, ਆਪਣੀ ਹੂੜ-ਮੱਤ ਦੀ ਕਸਵੱਟੀ ਲਾ ਕੇ ਬੜੇ ਭੱਦੇ ਮਖ਼ੌਲ ਉਡਾਏ ਹਨ। ਆਰੀਆ ਸਮਾਜੀ ਅਖ਼ਬਾਰਾਂ ਰਾਹੀਂ ਪ੍ਰਗਟ ਕੀਤਾ ਗਿਆ ਹੈ ਕਿ ਇਸ 'ਸ਼ਤਾਬਦੀ' ਮਨਾਉਣ ਦਾ ਅਸਲ ਕਾਰਜ 'ਸਤਿਆਰਥ-ਪ੍ਰਕਾਸ਼' ਗ੍ਰੰਥ-ਰਤਨ ਨੂੰ ਇਕ ਲੱਖ ਵਿਚ ਛਾਪ ਕੇ ਵੰਡਣਾ ਹੈ, ਅਤੇ ਦਯਾਨੰਦ-ਫ਼ਾਊਂਡੇਸ਼ਨ, "ਸਤਿਆਰਥ-ਪ੍ਰਕਾਸ਼" ਵਿਚ ਕਥਤ ਕੀਤੇ ਗਏ ਨਿੰਦਿਆ-ਪ੍ਰਸਾਰ, ਭਾਵ, ਪੁਗਾੜੂ ਕੁਕਰਮ ਦਾ ਭਾਰੀ ਗਿਣਤੀ ਵਿਚ ਵਿਸਥਾਰ ਕੀਤਾ ਜਾਵੇਗਾ। ਅੰਮ੍ਰਿਤਸਰ ਆਰੀਆ ਸਮਾਜ ਸਮਾਰੋਹ ਵਿਚ 'ਸਤਿਆਰਥ-ਪ੍ਰਕਾਸ਼' ਸਸਤੇ ਮੁੱਲ ਤੇ (੬੦੦ ਸਫ਼ੇ ਦਾ ਗ੍ਰੰਥ ਢਾਈ ਰੁਪਏ ਤੋਂ) ਵੇਚਿਆ ਜਾਣਾ, ਇਸ ਲੜੀ ਦੀ ਪਹਿਲੀ ਕੜੀ ਸੀ। 'ਸਤਿਆਰਥ-ਪ੍ਰਕਾਸ਼' ਵਿਚ ਸਾਰੇ ਧਰਮ-ਮੱਤਾਂ ਨੂੰ ਰਗੜੇ ਲਾਉਣ ਵਾਲੀ ਫੱਕੜ ਤੇ ਗਾਲ੍ਹੀਆਂ ਭਰੀ ਭਾਸ਼ਾ ਵਰਤੀ ਗਈ ਹੈ, ਵਿਸ਼ੇਸ਼ ਕਰਕੇ ਕਈ ਧਰਮਾਂ ਦੇ ਗ੍ਰੰਥਾਂ ਵਾਂਗ, ਇਤਿਹਾਸਕ ਤਥਾਂ ਤੇ ਰਵਾਇਤਾਂ-ਮਨਾਉਤਾਂ ਨੂੰ ਤੋੜ-ਫੋੜ ਕੇ ਆਪਣੇ ਮਨ-ਕਥੇ ਢਕੌਂਸਲਿਆਂ ਨੂੰ ਠੀਕ ਸਿੱਧ ਕਰਨ ਲਈ ਮੂਲ ਰੂਪ ਨਾਲੋਂ ਬਿਲਕੁਲ ਹੀ ਵਿਗਾੜ ਕੇ ਮਨ-ਘੜਤ ਰੂਪ ਵਿਚ ਪੇਸ਼ ਕਰ ਕੇ ਮਖ਼ੌਲ ਉਡਾਏ ਗਏ ਹਨ।

ਕਈ ਥਾਈਂ ਉੱਕੇ ਹੀ ਮਨ-ਘੜਤ ਢਕੌਂਸਲੇ ਘੜ ਲਏ ਗਏ ਹਨ, ਜਿਨ੍ਹਾਂ ਦੀ ਇਸ ਦੁਨੀਆ ਵਿਚ ਕਿਧਰੇ ਵੀ ਮਿਸਾਲ ਨਹੀਂ ਮਿਲਦੀ। ਇਸ ਗ੍ਰੰਥ ਵਿਚ ਸਿਖ ਧਰਮ ਦੇ ਸੰਚਾਲਕਾਂ ਬਾਰੇ ਭਾਵੇਂ ਸਭ ਤੋਂ ਨਰਮ ਭਾਸ਼ਾ ਵਰਤੀ ਕਹੀ ਜਾ ਸਕਦੀ ਹੈ, ਫਿਰ ਵੀ ਇਸ ਗ੍ਰੰਥ ਵਿਚ ਸਿਖ-ਧਰਮ



www.AKJ.Org

ਜਨਮ-ਦਾਤੇ ਸ੍ਰੀ ਗੁਰੂ ਨਾਨਕ ਦੇਵ ਜੀ ਬਾਰੇ ਮਨ-ਆਈਆਂ ਗੱਲਾਂ ਘੜ ਕੇ ਉਨ੍ਹਾਂ ਦਾ ਅਪਮਾਨ ਕਰਨ ਲਈ ਜੋ ਲਿਖਿਆ ਹੈ, ਅਸੀਂ ਮਜਬੂਰ ਹਾਂ, ਉਹ ਗੁਰ-ਨਿੰਦਿਆ ਭਰੇ ਵਾਕ ਸਿਖ-ਸੰਗਤਾਂ ਸਾਹਮਣੇ ਪੇਸ਼ ਕਰੀਏ, ਤਾਂ ਜੁ ਆਰੀਆ ਸਮਾਜੀਆਂ ਦਾ ਪਿਛੋਕੜ, ਵਰਤਮਾਨ ਤੇ ਭਵਿੱਖ ਬਾਰੇ ਨਜ਼ਰੀਆ ਸਮਝਿਆ ਜਾ ਸਕੇ,ਜਿਨ੍ਹਾਂ ਨੇ ਹਾਲਾਂ ਤਕ ਇਸ ਗ੍ਰੰਥ ਵਿਚੋਂ ਇਹ ਝੂਠੇ, ਨਿੰਦਿਆ ਤੇ ਹੱਤਕ-ਭਰੇ ਵਾਕ ਪ੍ਰਚਾਰਨੇ ਜ਼ਰੂਰੀ ਸਮਝੇ ਹੋਏ ਹਨ :—

੧. ਨਾਨਕ ਜੀ ਕਾ ਆਸ਼ਯ ਤੋ ਅੱਛਾ ਹੈ, ਪਰ ਵਿਦਿਆ ਕੁਛ ਨਹੀਂ ਜਾਨਤੇ ਥੇ।

੨. ਵੋਹ ਚਾਹਤੇ ਥੇ ਕਿ ਮੈਂ ਸੰਸਕ੍ਰਿਤ ਮੇਂ ਪਗ (ਪੈਰ) ਅੜਾਊਂ, ਕਿੰਤੂ ਬਿਨਾ ਪੜ੍ਹੇ ਸੰਸਕ੍ਰਿਤ ਕੈਸੇ ਆ ਸਕਤੀ ਥੀ ?

੩. ਹਾਂ ਉਨ ਗ੍ਰਾਮੀਣੋਂ ਕੇ ਸਾਹਮਨੇ ਜਿਨਹੋਂ ਨੇ ਸੰਸਕ੍ਰਿਤ ਕਭੀ ਸੁਨੀ ਭੀ ਨਹੀਂ ਥੀ, ਸੰਸਕ੍ਰਿਤੀ ਬਨਾ ਕਰ ਸੰਸਕ੍ਰਿਤ ਕੇ ਭੀ ਪੰਡਤ ਬਨ ਗਏ ਹੋਂਗੇ ? ਭਲਾ ਯਹ ਬਾਤ ਅਪਨੀ ਮਾਨ ਪ੍ਰਤਿਸ਼ਠਾ, ਅਪਨੀ ਪ੍ਰਖਯਾਤੀ ਕੀ ਇੱਛਾ ਬਿਨਾ ਕਭੀ ਭੀ ਨਾ ਕਰਤੇ।

੪. ਉਨ ਕੋ ਅਪਨੀ **ਪ੍ਰਤਿਸ਼ਠਾ ਕੀ ਇੱਛਾ ਅਵੱਸ਼ਯ ਥੀ,** ਨਹੀਂ ਤੋ ਜੈਸੀ ਭਾਸ਼ਾ ਜਾਨਤੇ ਥੇ ਕਹਿਤੇ ਰਹਿਤੇ।

੫. ਜਬ ਕੁਛ ਅਭਿਮਾਨ ਥਾ ਤੋ ਮਾਨ ਪ੍ਰਤਿਸ਼ਠਾ ਕੇ ਲੀਏ **ਕੁਛ ਦੰਭ** ਭੀ ਕੀਆ ਹੋਗਾ ?

੬. **ਜੋ ਪੁਰਖੋਂ ਕਾ ਨਾਮ ਸੰਤ ਹੋਤਾ ਹੈ** ਵੋਹ ਵਿਚਾਰੇ ਬੇਦੋਂ ਕੀ ਮਹਿਮਾ ਕਭੀ ਭੀ ਨਹੀਂ ਜਾਨ ਸਕਤੇ । ਨਾਨਕ ਜੀ ਬੇਦੋਂ ਕਾ ਮਾਨ ਕਰਤੇ ਤੋ ਉਨ ਕਾ ਸੰਪ੍ਰਦਾਯ ਨਾ ਚਲਤਾ, ਨਾ ਵੋਹ ਗੁਰੂ ਬਨ ਸਕਤੇ ਥੇ। ਕਿਯੋਂ ਕਿ ਸੰਸਕ੍ਰਿਤ ਤੋ ਪੜ੍ਹੇ ਨਹੀਂ ਥੇ, ਦੂਸਰੋਂ ਕੋ ਪੜ੍ਹਾ ਕਰ ਸ਼ਿਸ਼ ਕੈਸੇ ਬਨਾਤੇ ? ਨਾਨਕ ਜੀ ਕੇ ਬਹੁਤੇ ਸ਼ਿਸ਼ ਨਹੀਂ ਹੁਏ ਥੇ। ਅਵਿਦਵਾਨੋਂ ਕੀ ਯੇਹ ਚਾਲ ਹੈ ਕਿ ਮਰੇ ਪੀਛੇ ਉਨ ਕੋ ਸਿੱਧ ਬਨਾ ਲੇਤੇ ਹੈਂ। ਯੇਹ ਕਹਿਨਾ 'ਬ੍ਰਹਮ ਗਿਆਨੀ ਆਪ ਪ੍ਰਮੇਸ਼ਰ' ਗਪੌੜੇ ਨਹੀਂ ਤੋ ਔਰ ਕਿਆ ਹੈ ?

੭. ਦੂਸਰਾ ਜੋ ਉਨ ਕੇ ਪੀਛੇ, ਉਨ ਕੇ ਲੜਕੇ ਸੇ ਉਦਾਸੀ ਚਲੇ ਔਰ **ਰਾਮ ਦਾਸ** ਆਦ ਸੇ ਨਿਰਮਲੇ—(ਇਹ ਹੋਇਆ ਨਾ ਗਿਆਨ ਤੇ ਵਿਦਵਤਾ ਜਿਸ ਨੂੰ ਏਨਾ ਵੀ ਪਤਾ ਨਹੀਂ ਕਿ ਨਿਰਮਲੇ ਕਦੋਂ ਚਲੇ ?)

੮. ਕਿਤਨੇ ਹੀ ਗੱਦੀ ਵਾਲੋਂ ਨੇ ਭਾਸ਼ਾ ਬਨਾ ਕਰ ਗ੍ਰੰਥ ਮੇਂ ਰੱਖੀ ਹੈ ਔਰ ਉਨ ਕਾ ਗੁਰੂ ਗੋਬਿੰਦ ਸਿੰਘ ਦਸਮਾ ਹੂਆ, ਉਨ ਕੇ ਪੀਛੇ ਇਸ ਗ੍ਰੰਥ ਮੇਂ ਕਿਸੀ ਕੀ ਭਾਸ਼ਾ ਨਹੀਂ ਮਿਲਾਈ ਗਈ । ਕਿੰਤੂ ਯਹਾਂ ਤਕ ਜਿਤਨੇ ਛੋਟੇ ਛੋਟੇ **ਪੁਸਤਕ ਥੇ, ਉਨ ਸਭ ਕੋ ਇਕੱਠੇ ਕਰ ਕੇ** ਜਿਲਦ ਬੰਨ੍ਹਵਾ ਦੀ। ਕਿਤਨੇ ਹੀ ਨਾਨ੍ਹਾ ਪ੍ਰਕਾਰ ਕੇ ਪੁਰਾਣੋਂ ਕੀ ਮਿਥਿਆ ਕਥਾ ਕੇ ਤੁੱਲ ਬਨਾ ਦੀਏ।

੯. ਇਨ ਮੇਂ ਗੋਬਿੰਦ ਸਿੰਘ ਜੀ ਸੂਰਬੀਰ ਹੂਏ । ਮੁਸਲਮਾਨੋਂ ਨੇ ਉਨ ਕੇ ਪੁਰਖਾਉਂ ਕੋ ਬਹੁਤ ਦੁਖ ਦੀਆ ਥਾ, ਵੋ ਉਨ ਸੇ ਵੈਰ ਲੇਨਾ ਚਾਹਤੇ ਥੇ, ਪ੍ਰੰਤੂ ਉਨ ਕੇ ਪਾਸ ਕੋਈ ਸਮੱਗਰੀ ਨਾ ਥੀ, ਉਨ੍ਹੋਂ ਨੇ ਏਕ ਪੁਰਸ਼ਚਰਣ ਪ੍ਰਸਿਧੀ ਕੀ, ਕਿ ਮੁਝੇ ਦੇਵੀ ਨੇ ਵਰ ਔਰ ਖੜਗ ਦੀਆ ਹੈ ਕਿ ਤੁਮ ਮੁਸਲਮਾਨੋਂ ਸੇ ਲੜੋ,ਤੁਮਹਾਰਾ ਵਿਜਯ ਹੋਗਾ। ਬਹੁਤ ਸੇ ਲੋਗ ਉਨ ਕੇ ਸਾਥੀ ਹੋ ਗਏ।

੧੦.ਜੈਸੇ ਵਾਮ ਮਾਰਗੀਓਂ ਨੇ 'ਪੰਚ ਮਕਾਰ', ਚਕ੍ਰਾਕ੍ਰਿਤੇ 'ਪੰਚ ਸੰਸਕਾਰ' ਚਲਾਏ ਥੇ ਵੈਸੇ 'ਪੰਚ ਕਕਾਰ' ਉਨ੍ਹੋਂ ਨੇ ਚਲਾਏ ਜੋ ਯੁਧ ਕੇ ਉਪਯੋਗੀ ਥੇ । ਅਬ ਇਸ ਸਮਯ ਉਨ ਕਾ ਰਖਨਾ ਕੁਛ ਉਪਯੋਗੀ ਨਹੀਂ ਹੈ।

੧੧.ਸਿਖ ਮੂਰਤੀ ਪੂਜਾ ਤੋ ਨਹੀਂ ਕਰਤੇ, ਕਿੰਤੂ ਉਨ ਕੇ ਵਿਸ਼ੇਸ਼ ਗ੍ਰੰਥ ਕੀ ਪੂਜਾ ਕਰਤੇ ਹੈਂ। ਜੈਸੇ ਮੂਰਤੀ ਪੂਜਾ ਵਾਲੋਂ ਨੇ ਅਪਨੀ ਦੁਕਾਨ ਜਮਾ ਕਰ ਜੀਵਕਾ ਠਾਢੀ ਹੈ ਵੈਸੇ ਇਨ ਲੋਗੋਂ ਨੇ ਭੀ ਕਰ ਲੀ ਹੈ । ਪ੍ਰੰਤੂ ਮੂਰਤੀ ਪੂਜਾ ਵਾਲੇ ਜਿਤਨਾ ਮਾਨ ਵੇਦੋਂ ਕਾ ਕਰਤੇ ਹੈਂ ਗ੍ਰੰਥ ਸਾਹਿਬ ਵਾਲੇ ਨਹੀਂ ਕਰਤੇ। ਹਾਂ ਯੇਹ ਕਹਾ ਜਾ ਸਕਤਾ ਹੈ ਕਿ ਉਨ੍ਹੋਂ ਨੇ ਵੇਦੋਂ ਕੋ ਨਾ ਸੁਨਾ ਨ ਦੇਖਾ। ਕਿਆ ਕਰੇਂ ?

(ਸਤਿਆਰਥ-ਪ੍ਰਕਾਸ਼, ਅਧਿਆਇ ਇਕਾਦਸ,
ਸਫ਼ਾ ੩੫੦ ਤੋਂ ੫੨ ਤੱਕ,
ਛਾਪਕ ਆਰਯ ਪ੍ਰਦੇਸ਼ਕ ਸਭਾ ਨਵੀਂ ਦਿਲੀ।)

ਇਹ ਗ੍ਰੰਥ, ਸ੍ਰੀ ਭਵਾਨੀ ਲਾਲ ਗੜ੍ਹ ਮਲ ਸ਼ਰਮਾ ਅਮਰਾਵਤੀ ਵਾਲਿਆਂ ਦਵਾਰਾ ਦਿਤੀ ਗਈ ਸਹਾਇਤਾ


www.AKJ.Org

ਨਾਲ ਛਾਪ ਕੇ ਸਸਤੇ ਭਾਉ ਵੇਚਿਆ ਜਾ ਰਿਹਾ ਹੈ।

ਹੁਣ ਪੰਜ ਲੱਖ ਰੁਪਈਆ ਜੋ ਪੰਜਾਬ ਸਰਕਾਰ ਨੇ ਦਯਾਨੰਦ ਫ਼ਾਊਂਡੇਸ਼ਨ ਲਈ 'ਸਨਿਮਰ ਭੇਟਾ' ਕੀਤਾ ਹੈ, ਉਸ ਨਾਲ ਇਸ ਗ੍ਰੰਥ ਦੇ ਉਪ੍ਰੋਕਤ ਗੁਰੂ-ਨਿੰਦਿਆ ਭਰੀ, ਝੂਠੀ, ਸ਼ਰਾਰਤ ਭਰੀ ਲਿਖਤ ਨੂੰ ਵਧ ਫੈਲਾਉਣ ਤੇ ਪ੍ਰਚਾਰਨ ਦੀ ਪ੍ਰਤੱਗਯਾ ਪਾਲਣ ਹਿਤ ਹੀ, ਉਸ "ਫ਼ਾਊਂਡੇਸ਼ਨ" ਵਲੋਂ ਖ਼ਰਚ ਕਰਨ ਦਾ ਮੂਲ ਮਨੋਰਥ ਹੈ। ਕਿਉਂਕਿ ਇਹ ਭੇਟਾ ਗਿਆਨੀ ਜ਼ੈਲ ਸਿੰਘ ਜੀ ਇਕ ਅਜਿਹੇ ਮੁਖ-ਮੰਤਰੀ ਦੇ ਰਾਹੀਂ ਐਲਾਨ ਫ਼ੁਰਮਾਈ ਗਈ ਹੈ, ਜੋ ਮੁਖ-ਮੰਤਰੀ ਨਾਲੋਂ ਪਹਿਲਾਂ ਸਿਖ ਵਿਚਾਰਕ ਜਾਂ ਗੁਰਮਤਿ ਦੇ ਪ੍ਰਸਿਧ ਧਾਰਕ ਹਨ। ਨਾਲ ਹੀ ਆਪ ਸਰਵ ਧਰਮਾਂ ਦਾ ਸਤਿਕਾਰ ਕਰਨ ਵਾਲੀ ਕਾਂਗਰਸ ਪਾਰਟੀ ਦੇ ਲੀਡਰ ਹਨ। ਇਸ ਤੋਂ ਵਧ, ਉਸ ਸੂਬੇ ਦੇ ਮੁਖ-ਮੰਤਰੀ ਹਨ ਜਿਸ ਵਿਚ ਸਿਖ ਜਾਤੀ ਵੀ ਚੋਖੀ ਗਿਣਤੀ ਵਿਚ ਵੱਸਦੀ ਹੈ; ਅਤੇ ਉਸ ਵਿਧਾਨ ਦੀ ਤਾਬਿਆ ਮੁਖ-ਮੰਤਰੀ ਹਨ, ਜੋ ਸਭਨਾਂ ਧਰਮਾਂ ਦੇ ਵਿਅੱਕਤੀਆਂ ਨੂੰ ਨਾਲ ਮਿਲਾ ਕੇ ਚਲਾਉਣ ਦਾ ਦਾਅਵਾ ਕਰਦੀ ਹੈ। ਪੰਜਾਬ ਸਰਕਾਰ ਨੇ ਉਸ ਫ਼ੰਡ ਵਿਚੋਂ ਇਹ ਰੁਪਏ ਦੇਣੇ ਹਨ, ਜਿਸ ਨੂੰ ਸਾਰੇ ਪੰਜਾਬੀਆਂ ਤੋਂ (ਕੇਵਲ ਦਯਾਨੰਦੀਆਂ ਤੋਂ ਨਹੀਂ) ਟੈਕਸਾਂ ਰਾਹੀਂ ਇਕੱਤਰ ਕੀਤਾ ਜਾਣਾ ਹੈ। ਕੀ ਪੰਜਾਬ ਸਰਕਾਰ ਦੇ ਮੁਖੀ ਵਿਚਾਰ ਨਹੀਂ ਕਰਨਗੇ ਕਿ ਉਹ ਇਕ ਅਜਿਹਾ ਪਾਪ ਕਰਮ ਕਰ ਰਹੇ ਹਨ, ਜੋ ਉਨ੍ਹਾਂ ਤੋਂ ਕਦੇ ਵੀ ਨਹੀਂ ਧੋ ਹੋਣਾ ? ਉਪਰ ਦਿਤੇ ਕੁਝ ਵਾਕ ਅਸੀਂ 'ਸਤਿਆਰਥ-ਪ੍ਰਕਾਸ਼' ਵਿਚੋਂ ਕੇਵਲ ਨਮੂਨੇ ਮਾਤਰ ਹੀ ਦਿਤੇ ਹਨ, ਪੰਜਾਬ ਸਰਕਾਰ ਜਿਸ "ਧਰਮ ਦੇ ਕਾਰਜ" ਲਈ ਪੰਜ ਲੱਖ ਰੁਪਏ ਭੇਟਾ ਕਰ ਰਹੀ ਹੈ, ਉਸ ਵਿਚ ਪੰਜਾਬ ਦੇ ਮੁਸਲਮਾਨਾਂ, ਈਸਾਈਆਂ, ਜੈਨੀਆਂ, ਬੋਧੀਆਂ ਤੇ ਹੋਰ ਛੋਟੀਆਂ ਵਡੀਆਂ ਸੰਪ੍ਰਦਾਵਾਂ ਦੇ ਲੋਕਾਂ ਦਾ ਵੀ ਹਿੱਸਾ ਹੈ ਤੇ ਇਸ ਗ੍ਰੰਥ ਵਿਚ ਉਨ੍ਹਾਂ ਨੂੰ ਇਸ ਤੋਂ ਵੀ ਵਧੇਰੇ ਰਗੜਿਆ ਗਿਆ ਹੈ। ਇਸੇ ਪੰਜਾਬ ਵਿਚ ਭਾਰੀ ਬਹੁ-ਗਿਣਤੀ ਉਨ੍ਹਾਂ ਹਿੰਦੂਆਂ ਦੀ ਵੀ ਹੈ, ਜਿਨ੍ਹਾਂ ਨੂੰ ਸਨਾਤਨੀ ਕਿਹਾ ਜਾਂਦਾ ਹੈ। ਇਸ ਗ੍ਰੰਥ ਵਿਚ ਉਨ੍ਹਾਂ ਦੀ ਸਭ ਤੋਂ ਵਧ ਮਿਟੀ ਪਲੀਤ ਕੀਤੀ ਗਈ ਹੈ। ਇਸੇ 'ਸਤਿਆਰਥ-ਪ੍ਰਕਾਸ਼' ਵਿਚ ਸਫ਼ਾ ੩੯੯ ਤੋਂ ਲੈ ਕੇ ੫੯੯ ਤਕ ਬੋਧੀ, ਜੈਨੀਆਂ, ਈਸਾਈਆਂ ਤੇ ਮੁਸਲਮਾਨਾਂ ਨੂੰ ਉਹ ਰਗੜੇ ਲਾਏ ਗਏ ਹਨ ਅਤੇ ਅਜਿਹੀ ਭਾਸ਼ਾ ਵਿਚ ਨਿੰਦਿਆ ਤੇ ਗੰਦਾ ਚਿਕੜ ਉਛਾਲਿਆ ਗਿਆ ਹੈ, ਕਿ ਕੋਈ ਸਾਤਵਿਕ ਰੁਚੀਆਂ ਦਾ ਵਿਅਕਤੀ, ਭਾਵੇਂ ਕਿਸੇ ਵੀ ਧਰਮ ਦਾ ਹੋਵੇ, ਮਨ ਵਿਚ ਕਲੇਸ਼ ਕੀਤੇ ਬਿਨਾ ਇਹ ਗ੍ਰੰਥ ਨਹੀਂ ਪੜ੍ਹ ਸਕਦਾ।

ਮਹਾਤਮਾ ਗਾਂਧੀ ਜੀ ਨੇ ਇਹ ਗ੍ਰੰਥ ਦੋ ਵਾਰ ਪੜ੍ਹਿਆ ਸੀ, ਉਸ ਦੇ ਪੜ੍ਹਨ ਤੋਂ ਕਾਂਗਰਸੀ ਸਮਾਜ ਤੇ ਉਸ ਦੇ ਰਾਸ਼ਟ੍ਰ ਦੇ ਬਾਪੂ ਮਹਾਤਮਾ ਜੀ ਦੇ ਜੋ ਵਿਚਾਰ ਬਣੇ ਸਨ, ਉਹ ਉਨ੍ਹਾਂ ਨੇ 'ਯੰਗ-ਇੰਡੀਆ' ਪਰਚੇ ਵਿਚ ਇਸ ਤਰ੍ਹਾਂ ਪ੍ਰਕਾਸ਼ਤ ਕੀਤੇ ਸਨ :—

## ਮਹਾਤਮਾ ਗਾਂਧੀ ਜੀ ਵਲੋਂ ਫ਼ਤਵਾ

"ਆਰੀਆ ਸਮਾਜ ਕੇ ਬਾਈਬਲ 'ਸਤਿਆਰਥ-ਪ੍ਰਕਾਸ਼' ਕੋ ਮੈਨੇ ਦੋ ਵਾਰ ਪੜ੍ਹਾ। ਜਬ ਮੈਂ ਯਰਵਦਾ ਜੇਲ੍ਹ ਮੇਂ ਆਰਾਮ ਕਰ ਰਹਾ ਥਾ, ਤਬ ਉਸ ਕੀ ਤੀਨ ਪ੍ਰਤੀਆਂ ਕੁਛ ਮਿਤਰੋਂ ਕੀ ਤਰਫ਼ ਸੇ ਮੁਝੇ ਭੇਜੀ ਗਈ ਥੀਂ। ਐਸੇ ਮਹਾਂ ਸੁਧਾਰਕ (ਦਯਾ ਨੰਦ) ਕਾ ਲਿਖਾ ਹੂਆ ਇਤਨਾ ਨਿਰਾਸ਼ਾ-ਜਨਕ ਪੁਸਤਕ ਮੈਨੇ ਦੂਸਰਾ ਨਹੀਂ ਪੜ੍ਹਾ।

"ਉਨਹੋਂ ਨੇ ਸਤਯ ਕੀ ਔਰ ਨਗਨ ਸਤਯ ਕੀ ਹਿਮਾਇਤ ਕਰਨੇ ਕਾ ਦਾਅਵਾ ਕੀਆ ਹੈ, ਪ੍ਰੰਤੂ ਐਸਾ ਕਰਤੇ ਹੂਏ ਉਨਸੇ ਜਾਨ ਬੂਝ ਕਰ ਯਾਂ ਬਿਨਾ ਜਾਨੇ ਜੈਨ ਧਰਮ, ਇਸਲਾਮ, ਈਸਾਈ ਮਤ ਔਰ ਖ਼ੁਦ ਹਿੰਦੂ ਧਰਮ ਕੇ ਅਰਥ ਕਾ ਅਨਰਥ ਹੋ ਗਿਆ ਹੈ। ਜਿਸ ਕੋ ਇਨ ਧਰਮੋਂ ਕਾ ਥੋੜਾ ਭੀ ਗਿਆਨ ਹੋਗਾ, ਵਹ ਸਵਯੰ ਜਾਨ ਸਕਤਾ ਹੈ ਕਿ ਇਸ ਮਹਾਂ ਸੁਧਾਰਕ ਸੇ ਕਿਸ ਪ੍ਰਕਾਰ ਕੀ ਭੂਲ ਹੋ ਗਈ ਹੈ।

"ਆਰੀਆ ਸਮਾਜੀ ਸੰਕੁਚਿਤ ਹ੍ਰਿਦਯ ਔਰ ਝਗੜਾਲੂ ਸੁਭਾਵ ਕੇ ਹੋਨੇ ਕੇ ਕਾਰਨ ਅਨਯ ਮਤ-ਅਵਲੰਭੀਓਂ ਕੇ ਸਾਥ ਔਰ ਜਬ ਉਨਹੇਂ ਦੂਸਰਾ ਕੋਈ ਨਾ ਮਿਲੇ ਤੋ ਆਪਸ ਮੇਂ ਝਗੜਾ ਕਰਤੇ ਹੈਂ।"

[ਯੰਗ-ਇੰਡੀਆ, ਅਪ੍ਰੈਲ, ੧੯੨੪

ਇਸ ਗ੍ਰੰਥ ਵਿਚ ਜਿਸ ਦਾ ਨਾਂ 'ਸਤਿਆਰਥ-ਪ੍ਰਕਾਸ਼' ਹੈ, ਕਿਤਨਾ ਕੁ ਸੱਤ ਤੇ ਕਿਤਨਾ ਕੁਸੱਤ ਹੈ ਅਤੇ



www.AKJ.Org

ਕਿਤਨਾ ਕੁ ਧਰਮਾਂ ਦਾ ਮਨੁੱਖੀ ਹਿਤਕਾਰੀ ਦ੍ਰਿਸ਼ਟੀ ਨਾਲ ਤੁਲਨਾਤਮਿਕ ਅਧਿਯਨ ਕੀਤਾ ਗਿਆ ਹੈ, ਇਹ ਉਪਰ ਦਿਤੇ ਵਾਕ ਜੋ ਗੁਰੂ ਨਾਨਕ, ਗੁਰੂ ਗੋਬਿੰਦ ਸਿੰਘ ਜੀ ਬਾਰੇ ਇਸ ਨਿੰਦਕ ਸਾਧ ਨੇ ਉਖੜੇ ਕੁਹਾੜਿਆਂ ਵਾਂਗ ਚਲਾਏ ਹਨ, ਉਨ੍ਹਾਂ ਤੋਂ ਪਤਾ ਲੱਗ ਜਾਂਦਾ ਹੈ ਕਿ ਅਨਪੜ੍ਹ ਗੁਰੂ ਨਾਨਕ ਜੀ ਸਨ ਕਿ ਇਹ ਫੱਕੜ-ਬਾਜ਼ ਮਹਾਂ ਮਹਾਸ਼ਾ ਸੀ, ਜਿਸ ਨੂੰ ਇਤਿਹਾਸ ਦਾ ਉੱਕਾ ਹੀ ਗਿਆਨ ਨਹੀਂ ਸੀ ? ਦੰਭੀ ਤੇ ਪਖੰਡੀ ਗੁਰੂ ਨਾਨਕ ਜੀ ਸਨ ਕਿ ਦਯਾਨੰਦ ? ਜਿਸ ਦਾ ਗਿਆਨ ਭਾਸ਼ਾ-ਵਿਗਿਆਨ ਦੇ ਖੇਤਰ ਵਿਚ ਏਨਾ ਕੁ ਹੀ ਹੈ ਕਿ "ਗੁਰੂ ਨਾਨਕ ਜੀ ਨੇ ਸੰਸਕ੍ਰਿਤ ਭਾਸ਼ਾ ਲੋਕਾਂ ਉਤੇ ਫੋਕਾ ਰੋਹਬ, ਪੰਡਤਾਈ ਕਾ, ਜਮਾਨੇ ਕੇ ਲਈ ਗ਼ਲਤ ਵਰਤੀ" । ਹਾਲਾਂ ਕਿ ਉਹ ਸੰਸਕ੍ਰਿਤ ਨਹੀਂ, ਸਹਸਕ੍ਰਿਤੀ ਹੈ । ਗੁਰੂ ਨਾਨਕ ਜੀ ਨੇ ਤਾਂ ਫ਼ਾਰਸੀ ਭਾਸ਼ਾ ਵੀ ਵਰਤੀ ਹੋਈ ਹੈ, ਕੀ ਉਹ ਮੌਲਵੀਆਂ ਉਤੇ ਫ਼ਾਰਸੀ ਦੀ ਵਿਦਵਤਾ ਦਾ ਰੋਹਬ ਪਾਉਣ ਲਈ ਸੀ ? ਨਾ ਕਿ ਆਪਣਾ ਅਨੁਭਵੀ ਗਿਆਨ ਉਨ੍ਹਾਂ ਤਕ ਪਹੁੰਚਾਣ ਲਈ ।

ਜਿਸ ਭਾਸ਼ਾ ਦੇ ਜਾਣੂੰ ਵਿਅਕਤੀ ਨਾਲ ਉਨ੍ਹਾਂ ਦਾ ਵਾਸਤਾ ਪੈਂਦਾ ਸੀ, ਉਨ੍ਹਾਂ ਦਾ ਮਨੋਰਥ ਆਪਣਾ ਮਤ, ਉਨ੍ਹਾਂ ਨੂੰ ਸਮਝਾਉਣਾ ਸੀ, ਨਾ ਕਿ ਭਾਸ਼ਾ ਦੀ ਪੰਡਤਾਈ ਵਿਖਾਉਣਾ ? ਜਾਂ ਵਿਦਵਤਾ ਦਾ ਫੋਕਾ ਰੋਹਬ ਜਮਾਉਣਾ ।

ਗੁਰੂ ਗੋਬਿੰਦ ਸਿੰਘ ਜੀ ਨੇ ਭੰਗਾਣੀ ਦਾ ਯੁਧ ਕੀ ਖ਼ਾਲਸਾ ਰਚਣ ਤੋਂ ਪਿਛੋਂ ਕੀਤਾ ਸੀ ? ਜਿਸ ਬਾਰੇ ਉਨ੍ਹਾਂ ਖ਼ੁਦ ਲਿਖਿਆ ਹੈ "ਲੋਹ ਪਰਾ ਮੁਝ ਸਿਉ ਬਿਨ ਕਾਜਾ"— ਧੱਕੇ ਨਾਲ ਹੀ ਮੇਰੇ ਗਲ ਆ ਪਈ ਸੀ । ਮਜ਼ੇ ਦੀ ਗੱਲ ਹੈ ਕਿ ਇਹ ਲੜਾਈ ਉਨ੍ਹਾਂ ਨਾਲ ਇਕ ਹਿੰਦੂ ਰਾਜੇ ਨੇ ਕੀਤੀ ਸੀ । ਕੀ ਉਨ੍ਹਾਂ ਬਹੁਤੇ ਯੁਧ 'ਖ਼ਾਲਸਾ' ਸਾਜਣ ਤੋਂ ਪਹਿਲਾਂ ਨਹੀਂ ਕੀਤੇ ? ਅਤੇ ਯੁਧ ਕਰਨ ਵਾਲਿਆਂ ਵਿਚ ਹਿੰਦੂ ਰਾਜੇ ਬਹੁਤੇ ਆਪ ਦੇ ਵਿਰੋਧੀ ਨਹੀਂ ਸਨ ? ਕੀ ਬੁੱਧੂ ਸ਼ਾਹ ਪੀਰ ਜੈਸੇ ਮੁਸਲਮਾਨ ਗੁਰੂ ਜੀ ਦੇ ਧਰਮ-ਯੁਧਾਂ ਵਿਚ ਨਾਲ ਨਹੀਂ ਰਹੇ ? ਜਦੋਂ ਕਿ ਇਹ ਫੱਕੜ-ਦਾਸ ਜੀ ਲਿਖਦੇ ਹਨ ਕਿ ਆਪਣੇ ਪਿਤਾ ਪਿਤਾਮਿਆਂ ਦਾ ਮੁਸਲਮਾਨਾਂ ਤੋਂ ਵੈਰ ਲੈਣ ਲਈ, ਉਨ੍ਹਾਂ ਇਹ ਗੱਲ ਧੁਮਾਈ ਕਿ ਉਨ੍ਹਾਂ ਨੂੰ ਦੇਵੀ ਨੇ ਵਰ ਦਿਤਾ ਹੈ ਕਿ ਮੁਸਲਮਾਨਾਂ ਨਾਲ ਲੜੋ । ਜਾਣੀ ਲੋਕਾਂ ਨੂੰ ਧੋਖਾ ਦੇ ਕੇ ਲੜਾਈ ਵਿਚ ਝੋਕਿਆ ਗਿਆ ਸੀ ?

**ਇਤਿਹਾਸ ਤੋਂ ਇਤਨੇ ਕੋਰੇ ਅਤੇ ਕਿਸੇ ਵੀ ਮਤ ਨੂੰ ਬਿਨਾ ਠੀਕ ਤਰ੍ਹਾਂ ਘੋਖੇ, ਵਿਚਾਰੇ ਤੇ ਸਮਝਣ ਦੇ ਫੱਕੜਾਂ ਤੇ ਧੱਕੜਾਂ ਦੇ ਭਰੇ ਇਸ ਗ੍ਰੰਥ ਨੂੰ, ਅਤੇ ਇਸ ਦੇ ਗਪੌੜਿਆਂ ਤੇ ਗਾਲ੍ਹੀਆਂ ਨੂੰ ਪ੍ਰਚਾਰਨ ਤੇ ਵਿਸਥਾਰਨ ਲਈ ਪਤਾ ਨਹੀਂ, ਪੰਜਾਬ ਸਰਕਾਰ ਪੰਜ ਲੱਖ ਰੁਪਏ ਦੇਣ ਲਈ ਕਿਉਂ ਕਾਹਲੀ ਪਈ ਹੋਈ ਹੈ ?** ਇਸ ਤਰ੍ਹਾਂ ਕਰਨ ਨਾਲ ਕੀ ਸਾਰੀ ਭਾਵਾਤਮਕ ਏਕਤਾ ਨੂੰ ਹੂੰਝਾ ਨਹੀਂ ਫਿਰ ਜਾਂਦਾ ? ਜੇ ਸਰਕਾਰ ਨੇ ਦੇਣਾ ਹੀ ਹੈ— ਕਿਉਂਕਿ ਖ਼ਜ਼ਾਨਾ ਮੰਤਰੀ ਕਰਤਾਰਪੁਰ ਪਹਿਲਾਂ ਹੀ ਐਲਾਨ ਕਰ ਗਏ ਸਨ, ਜਿਸ ਨੂੰ ਮੁਖ-ਮੰਤਰੀ ਨੇ ਦੁਹਰਾਇਆ ਹੈ—ਤਾਂ ਈਸਾਈ, ਮੁਸਲਮਾਨ, ਜੈਨ, ਬੋਧੀ, ਸਿਖ ਤੇ ਸਨਾਤਨੀ ਹਿੰਦੂ, ਜਿਨ੍ਹਾਂ ਦੇ ਦੇਵੀ ਦੇਵਤਿਆਂ ਅਵਤਾਰਾਂ ਦੀ ਖਿੱਲੀ ਉਡਾਈ ਹੈ, ਘਟੋ ਘਟ ਉਹ ਇਸ ਨਿੰਦਿਆ ਦੇ ਕੁੰਭ ਵਿਚ ਇਸ ਪਾਪ-ਕਰਮ ਦੇ ਕਿਉਂ ਭਾਗੀ ਬਣਨ ? ਉਨ੍ਹਾਂ ਦੇ ਸਿਰੋਂ ਹੀ ਟੈਕਸਾਂ ਨਾਲ ਉਗਰਾਹੇ ਰੁਪਏ ਨੂੰ ਉਨ੍ਹਾਂ ਦੇ ਹੀ ਧਰਮ-ਗ੍ਰੰਥਾਂ ਤੇ ਮਹਾਂ-ਪੁਰਖਾਂ ਦੀ ਨਿੰਦਿਆ ਲਈ ਕਿਉਂ ਵਰਤਿਆ ਜਾਵੇ ? ਸ੍ਰੀ ਹੰਸ ਰਾਜ ਸ਼ਰਮਾ ਤੇ ਮੁਖ-ਮੰਤਰੀ ਸਾਹਿਬ ਨੂੰ ਤਾਂ ਆਰੀਆ ਸਮਾਜੀਆਂ ਦੀ ਖ਼ੁਸ਼ਨੂਦੀ ਦੀ ਲੋੜ ਵੀ ਹੋਵੇਗੀ, ਆਰੀਆ ਸਮਾਜੀ ਉਨ੍ਹਾਂ ਨਾਲ ਮੰਤਰੀ ਵੀ ਹਨ, ਕੁਝ ਸਰਕਾਰੀ ਅਫ਼ਸਰ ਵੀ ਉਚ ਅਧਿਕਾਰਾਂ ਵਾਲੇ ਹਨ, ਜੋ ਇਹ ਰਕਮ ਦੇਣ-ਦਿਵਾਉਣ ਵਿਚ ਕਾਹਲ ਵਰਤ ਰਹੇ ਹਨ, ਪਰ ਕੀ ਮੁਖ-ਮੰਤਰੀ ਜੀ ਨੂੰ ਔਝੜ-ਪਾਊ ਥਾਂ ਤੇ ਨਹੀਂ ਖੜਾ ਕਰ ਦਿਤਾ ਗਿਆ ? ਜੇ ਉਹ ਆਜ਼ਾਦ ਸੋਚ ਵਰਤਦੇ ਤਾਂ ਕਦੇ ਵੀ ਇਹ ਪਾਪ-ਕਰਮ ਕਰਨ ਲਈ ਤਿਆਰ ਨਾ ਹੁੰਦੇ ।

ਅਸੀਂ ਕਿਹਾ ਹੈ ਕਿ ਸਿਖਾਂ ਬਾਰੇ ਦਯਾਨੰਦ ਨੇ ਭਾਸ਼ਾ ਨਰਮ ਵਰਤੀ ਹੈ, ਦੂਜਿਆਂ ਮਤਾਂ ਬਾਰੇ ਜੋ ਲਿਖਿਆ ਹੈ, ਉਹ ਵੀ ਆਉਂਦੇ ਲੇਖਾਂ ਵਿਚ ਦਸਾਂਗੇ ਅਤੇ ਸਿਖਾਂ ਬਾਰੇ ਕੀਤੇ ਗਏ ਇਸ ਨਿਪਟ-ਬਕਵਾਸ ਨੂੰ ਭੀ ਅਸਲੀਅਤ ਦੀ ਕਸਵੱਟੀ ਉਤੇ ਵੀ ਪਰਖਣ ਨਿਰਖਣ ਲਈ ਵੀ ਅਪੀਲ ਕਰਾਂਗੇ, ਕਿ ਕਿੰਨੀ ਜਹਾਲਤ ਅਤੇ ਅਗਿਆਨਤਾ


www.AKJ.Org

ਵਿਚ ਪੈ ਕੇ, ਇਸ ਗ੍ਰੰਥ ਵਿਚ ਹੱਤਕ ਭਰੀ ਨਿੰਦਿਆ ਕੇਵਲ ਗੁਰੂ ਸਾਹਿਬਾਨਾਂ ਨੂੰ ਹੀ ਨਿੰਦਣ ਲਈ ਨਹੀਂ, ਸਭਨਾਂ ਨੂੰ ਨਿੰਦਣ ਲਈ ਲਿਖੀ ਗਈ ਹੈ; ਜਦੋਂ ਕਿ, ਉਸ ਨੂੰ ਇਹ ਵੀ ਪਤਾ ਨਹੀਂ ਕਿ 'ਗੁਰੂ ਗ੍ਰੰਥ ਸਾਹਿਬ ਦੀ ਕਈ ਪੋਥੀਆਂ ਦੀ ਇਕੱਠੀ ਕਰ ਕੇ ਜਿਲਦ ਬੰਨ੍ਹੀ ਹੋਈ ਹੈ' ? ਸਗੋਂ ਸ੍ਰੀ ਗੁਰੂ ਗ੍ਰੰਥ ਜੀ ਰਾਗਾਂ ਵਿਚ, ਵਿਸ਼ੇ-ਵਸਤੂ ਨੂੰ ਮੁਖ ਰਖ ਕੇ ਅਨੁਭਵੀ ਗਿਆਨ ਦੁਆਰਾ ਤਿਆਰ ਕੀਤੇ ਗਏ ਹਨ।

ਆਰੀਆ ਸਮਾਜੀ ਲੋਕ ਇਕ ਪਾਸੇ ਨਿਕੀ ਜਿਹੀ ਗੱਲ ਨੂੰ ਲੈ ਕੇ ਕਿਤਾਬਾਂ ਜ਼ਬਤ ਕਰਾਂਉਣ ਅਤੇ ਉਨ੍ਹਾਂ ਵਿਚ ਇਤਿਹਾਸ ਨੂੰ ਉਨ੍ਹਾਂ ਦੇ ਮਿਥੇ ਨੁਕਤਿਆਂ ਤੋਂ ਵਿਪਰੀਤ ਦਸ ਕੇ ਲਿਖਣ ਤੇ ਉਸ ਉਤੇ ਐਜੀਟੇਸ਼ਨ ਅਰੰਭੀ ਰਖਦੇ ਹਨ, ਦੂਜੇ ਪਾਸੇ ਇਸ ਨਿੰਦਿਆ ਤੇ ਝੂਠ ਭਰੇ ਗ੍ਰੰਥ ਨੂੰ ਆਪਣਾ ਧਰਮ-ਗ੍ਰੰਥ ਮੰਨਦੇ ਹਨ, ਜੋ ਗਾਂਧੀ ਜੀ ਦੇ ਕਥਨ ਮੁਤਾਬਕ ਕਲੇਸ਼ ਦਾ ਘਰ ਹੈ।

ਗੁਰੂ-ਨਿੰਦਿਆ ਸੁਨਣੀ ਪੜ੍ਹਨੀ ਬੇਸ਼ਕ ਇਕ ਤਰ੍ਹਾਂ ਦਾ ਪਾਪ-ਕਰਮ ਹੈ, ਪਰ ਕਿਉਂਕਿ ਸਾਡੇ ਸਿਖ ਲੀਡਰ; ਕਾਂਗਰਸੀ ਅਤੇ ਅਕਾਲੀ, ਅਣ-ਜਾਣਿਆਂ ਹੀ ਕਈ ਵਾਰ ਇਨ੍ਹਾਂ ਮਹਾਸ਼ਿਆਂ ਨਾਲ ਰਾਜਨੀਤਕ ਅਤੇ ਹੋਰ ਸਾਂਝਾਂ ਪਾਉਣ ਦੇ ਐਲਾਨ ਕਰਦੇ ਰਹਿੰਦੇ ਹਨ ਅਤੇ 'ਦਯਾਨੰਦ ਯੂਨੀਵਰਸਿਟੀ' ਕਾਇਮ ਕਰਨ ਦੇ ਐਲਾਨ, ਸਾਬਕਾ ਅਕਾਲੀ ਮੁਖ-ਮੰਤਰੀ ਅਤੇ ਅਕਾਲੀ ਪਾਰਟੀ ਦੇ ਲੀਡਰ ਜੋ ਆਪਣੇ ਆਪ ਨੂੰ ਪੰਥਕ ਪਾਰਟੀ ਦੇ ਲੀਡਰ ਵੀ ਸਦਾਉਂਦੇ ਹਨ, ਕਰਦੇ ਕਰਾਉਂਦੇ ਰਹਿੰਦੇ ਹਨ, ਇਸ ਲਈ ਜਾਣਕਾਰੀ ਦੇਣ ਹਿਤ ਹਿੱਕ ਉਤੇ ਪੱਥਰ ਰਖ ਕੇ ਹੇਠਾਂ 'ਸਤਿਆਰਥ-ਪ੍ਰਕਾਸ਼' ਦਾ ਉਹ ਅੰਸ਼ ਦਿਤਾ ਜਾ ਰਿਹਾ ਹੈ; ਜਿਸ ਨੂੰ ਪੰਡਤ ਦਯਾਨੰਦ ਨੇ ਅਭਿਮਾਨ ਤੇ ਅਗਿਆਨ ਵਸ ਹੋ ਕੇ ਸਿਖ ਗੁਰੂ ਸਾਹਿਬਾਨ ਬਾਰੇ ਗ਼ਲਤ-ਬਿਆਨੀਆਂ ਤੇ ਨਿੰਦਿਆ ਭਰੀ ਬੋਲੀ ਵਿਚ ਖ਼ੁਦ ਲਿਖਿਆ ਸੀ ਅਤੇ ਜਿਸ ਨੂੰ ਬਿਨਾ ਲਗ ਮਾਤਰ ਬਦਲੇ ਇਲਹਾਮ ਸਮਝ ਕੇ ਸਮਾਜੀ ਪ੍ਰਚਾਰ ਰਹੇ ਹਨ :—

(ਪ੍ਰਸ਼ਨ) ਪੰਜਾਬ ਦੇਸ਼ ਮੇਂ ਨਾਨਕ ਜੀ ਨੇ ਏਕ ਮਾਰਗ ਚਲਾਇਆ ਹੈ। ਕਿਉਂਕਿ ਵੋਹ ਮੂਰਤੀ ਕਾ ਖੰਡਨ ਕਰਤੇ ਥੇ। ਮੁਸਲਮਾਨ ਹੋਨੇ ਸੇ ਬਚਾਏ। ਵੇਹ ਸਾਧੂ ਭੀ ਨਹੀਂ ਹੂਏ। ਕਿੰਤੂ ਗ੍ਰਿਹਸਤ ਬਨੇ ਰਹੇ। ਦੇਖੋ ਉਨਹੋਂ ਨੇ ਯਹ ਮੰਤਰ ਉਪਦੇਸ਼ ਕੀਆ ਹੈ। ਇਸ ਸੇ ਵਿਦਿਤ ਹੋਤਾ ਹੈ ਉਸ ਕਾ ਆਸ਼ਯ ਅੱਛਾ ਥਾ :—

ੳ ਸਤਿਯਨਾਮ ਕਰਤਾ ਪੁਰਖ ਨਿਰਭੋ ਨਿਰਵੇਰ ਅਕਾਲ ਮੂਰਤ ਅਜੋਨਿ ਸਹਭੰ ਗੁਰਪ੍ਰਸਾਦ ਜਪ ਆਦਿ ਸਚ ਜੁਗਾਦਿ ਸਚ ਹੈ ਭੀ ਸਚ ਨਾਨਕ ਹੋਸੀ ਭੀ ਸਚ।

[ਜਪਜੀ ਪੌੜੀ ੧

(ਪ੍ਰਸ਼ਨ) ਜਿਸਕਾ ਸਤਯ ਨਾਮ ਹੈ ਵਹ ਕਰਤਾ ਪੁਰਖ ਭੈਯ ਔਰ ਵੈਰ ਰਹਿਤ ਅਕਾਲ ਮੂਰਤ ਜੋ ਕਾਲ ਮੇਂ ਔਰ ਜੋਨਿ ਮੇਂ ਨਹੀਂ ਆਤਾ ਪ੍ਰਕਾਸ਼ਮਾਨ ਹੈ ਉਸੀ ਕਾ ਜਪ ਗੁਰੂ ਕੀ ਕ੍ਰਿਪਾ ਸੇ ਕਰ। ਵੋਹ ਪ੍ਰਮਾਤਮਾ ਆਦਿ ਮੇਂ ਸਚ ਥਾ ਜੁਗੋਂ ਆਦਿ ਮੇਂ ਸਚ ਵਰਤਮਾਨ ਮੇਂ ਸਚ ਔਰ ਹੋਗਾ ਭੀ ਸਚ।

(ਉਤਰ) ਨਾਨਕ ਜੀ ਕਾ ਆਸ਼ਯ ਤੋ ਅੱਛਾ ਥਾ ਪ੍ਰੰਤੂ ਵਿਦਿਆ ਕੁਛ ਭੀ ਨਹੀਂ ਥੀ। ਹਾਂ ਭਾਸ਼ਾ ਉਸ ਦੇਸ਼ ਕੀ ਜੋ ਕਿ ਗ੍ਰਾਮੋਂ ਕੀ ਹੈ ਉਸੇ ਜਾਨਤੇ ਥੇ। ਵੇਦਾਦਿ ਸ਼ਾਸਤਰ ਔਰ ਸੰਸਕ੍ਰਿਤ ਕੁਛ ਭੀ ਨਹੀਂ ਜਾਨਤੇ ਥੇ। ਜੋ ਜਾਨਤੇ ਹੋਤੇ ਤੋ "ਨਿਰਭੈ" ਸ਼ਬਦ ਕੋ "ਨਿਰਭੋ" ਕਿਉਂ ਲਿਖਤੇ ? ਔਰ ਇਸ ਕਾ ਦ੍ਰਿਸ਼ਟਾਂਤ ਉਸ ਕਾ ਬਨਾਇਆ ਸੰਸਕ੍ਰਿਤੀ ਸਤੋਤ੍ਰ ਹੈ, ਚਾਹਤੇ ਥੇ ਕਿ ਮੈਂ ਸੰਸਕ੍ਰਿਤ ਮੇਂ ਭੀ ਪਗ ਅੜਾਊਂ, ਪ੍ਰੰਤੂ ਬਿਨਾ ਪੜ੍ਹੇ ਸੰਸਕ੍ਰਿਤ ਕੈਸੇ ਆ ਸਕਤਾ ਹੈ ? ਹਾਂ ਉਨ ਗ੍ਰਾਮੀਣੋਂ ਕੇ ਸਾਹਮਨੇ ਜਿਨਹੋਂ ਨੇ ਸੰਸਕ੍ਰਿਤ ਕਭੀ ਸੁਨੀ ਭੀ ਨਹੀਂ ਥੀ, ਸੰਸਕ੍ਰਿਤੀ ਬਨਾ ਕਰ ਸੰਸਕ੍ਰਿਤ ਕੇ ਭੀ ਪੰਡਤ ਬਨ ਗਏ ਹੋਂਗੇ। ਭਲਾ ਯਹ ਬਾਤ ਅਪਨੀ ਮਾਨ ਪ੍ਰਤਿਸ਼ਠਤਾ, ਅਪਨੀ ਪ੍ਰਖਯਾਤੀ ਕੀ ਇਛਾ ਸੇ ਕਭੀ ਭੀ ਨਾ ਕਰਤੇ। ਉਨਕੋ ਅਪਨੀ ਪ੍ਰਤਿਸ਼ਠਾ ਕੀ ਇਛਿਆ ਅਵੱਸ਼ਯ ਥੀ, ਨਹੀਂ ਤੋਂ ਜੈਸੀ ਭਾਸ਼ਾ ਜਾਨਤੇ ਥੇ ਕਹਤੇ ਰਹਤੇ। ਔਰ ਯਹ ਭੀ ਕਹਿ ਦੇਤੇ ਮੈਂ ਸੰਸਕ੍ਰਿਤ ਨਹੀਂ ਪੜ੍ਹਾ। ਜਬ ਕੁਛ ਅਭਿਮਾਨ ਥਾ ਤੋ ਮਾਣ ਪ੍ਰਤਿਸ਼ਠਾ ਕੇ ਲੀਏ ਕੁਛ ਦੰਭ ਭੀ ਕੀਆ ਹੋਗਾ। ਇਸੀ ਲੀਏ ਉਨ ਕੇ ਗ੍ਰੰਥ ਮੇਂ ਜਹਾਂ ਤਹਾਂ ਵੇਦੋਂ ਕੀ ਨਿੰਦਾ ਔਰ ਸਤੁਤਿ ਕੀ ਹੈ। ਕਿਉਂਕਿ ਜੋ ਐਸਾ ਨਾ ਕਰਤੇ ਤੋ ਉਨ ਸੇ ਵੀ ਕੋਈ ਵੇਦ ਕਾ ਅਰਥ ਪੂਛਤਾ। ਜਬ ਨਾ ਆਤਾ ਤਬ ਪ੍ਰਤਿਸ਼ਠਾ ਨਸ਼ਟ ਹੋਤੀ। ਇਸ ਲੀਏ ਪਹਿਲੇ



www.AKJ.Org

ਹੀ ਅਪਨੇ ਸ਼ਿਸ਼ੋਂ ਕੇ ਸਾਹਮਨੇ ਕਹੀਂ ਕਹੀਂ ਵੇਦੋਂ ਕੇ ਵਿਰੁੱਧ ਬੋਲਤੇ ਥੇ ਔਰ ਕਹੀਂ ਕਹੀਂ ਵੇਦ ਕੇ ਲੀਏ ਅੱਛਾ ਭੀ ਕਹਾ ਹੈ ਕਿਉਂਕਿ ਜੇ ਕਹੀਂ ਅਛਾ ਨਾ ਕਹਿਤੇ ਤੋ ਲੋਗ ਉਨਕੋ ਨਾਸਤਕ ਬਨਾਤੇ। ਜੈਸੇ —

ਵੇਦ ਪੜ੍ਹਤ ਬ੍ਰਹਮਾ ਮਰੇ ਚਾਰੇ ਵੇਦ ਕਹਾਨ ॥
ਸੰਤ (ਸਾਧ) ਕੇ ਮਹਿਮਾ ਵੇਦ ਨ ਜਾਨਿ ॥
[ਸੁਖਮਨੀ ਪੌੜੀ ੭

ਨਾਨਕ ਬ੍ਰਹਮ ਗਿਆਨੀ ਆਪ ਪ੍ਰਮੇਸਰ ॥
[ਸੁਖਮਨੀ ਪੌੜੀ ੬

ਕਯਾ ਵੇਦ ਪੜ੍ਹਨੇ ਵਾਲੇ ਮਰ ਗਏ ਔਰ ਨਾਨਕ ਜੀ ਆਦਿ ਅਪਨੇ ਕੋ ਅਮਰ ਸਮਝਤੇ ਥੇ ? ਕਯਾ ਵੋਹ ਨਹੀਂ ਮਰ ਗਏ ? ਵੇਦ ਤੋ ਸਭ ਵਿਦਿਆਓਂ ਕਾ ਭੰਡਾਰ ਹੈ। ਜੋ ਮੂਰਖੋਂ ਕਾ ਨਾਮ ਸੰਤ ਹੋਤਾ ਹੈ, ਵੋਹ ਵਿਚਾਰੇ ਵੇਦੋਂ ਕੀ ਮਹਿਮਾ ਕਬੀ ਨਹੀਂ ਜਾਨ ਸਕਤੇ। ਜੋ ਨਾਨਕ ਜੀ ਵੇਦੋਂ ਹੀ ਕਾ ਮਾਨ ਕਰਤੇ ਤੋ ਉਨ ਕਾ ਸੰਪ੍ਰਦਾਯ ਨਾ ਚਲਤਾ, ਨਾ ਵੋਹ ਗੁਰੂ ਬਨ ਸਕਤੇ ਥੇ ਕਿਉਂਕਿ ਸੰਸਕ੍ਰਿਤ ਵਿਦਿਆ ਤੋ ਪੜ੍ਹੇ ਹੀ ਨਹੀਂ ਥੇ ਤੋ ਦੂਸਰੋਂ ਕੋ ਪੜ੍ਹਾ ਕਰ ਸ਼ਿਸ਼ ਕੈਸੇ ਬਨਾ ਸਕਤੇ ਥੇ ? ਯਹ ਸਚ ਹੈ ਕਿ ਜਿਸ ਸਮਯ ਨਾਨਕ ਜੀ ਪੰਜਾਬ ਮੇਂ ਹੂਏ ਥੇ ਉਸ ਸਮਯ ਪੰਜਾਬ ਸੰਸਕ੍ਰਿਤ ਵਿਦਿਆ ਸੇ ਸਵਰਥਾ ਰਹਿਤ ਮੁਸਲਮਾਨੋਂ ਸੇ ਪੀੜਤ ਥਾ। ਉਸ ਸਮੇਂ ਉਨਹੋਂ ਨੇ ਕੁਛ ਲੋਗੋਂ ਕੋ ਬਚਾਇਆ। ਨਾਨਕ ਜੀ ਕੇ ਸਾਹਮਨੇ ਕੁਛ ਉਨਕਾ ਸੰਪ੍ਰਦਾਇ ਵਾ ਬਹੁਤ ਸੇ ਸ਼ਿਸ਼ ਨਹੀਂ ਹੂਏ ਥੇ, ਕਿਉਂਕਿ ਅਵਿਦਵਾਨੋਂ ਮੇਂ ਯਹ ਚਾਲ ਹੈ ਮਰੇ ਪੀਛੇ ਉਨ ਕੋ ਸਿਧ ਬਨਾ ਲੇਤੇ ਹੈਂ। ਪਸਚਾਤ ਬਹੁਤ ਸਾ ਮਹਾਤਮਯ ਕਰਕੇ ਈਸ਼ਵਰ ਸਮਾਨ ਮਾਨ ਲੇਤੇ ਹੈਂ। ਹਾਂ, ਨਾਨਕ ਜੀ ਬੜੇ ਧਨਾਢਯ ਔਰ ਰਈਸ ਵੀ ਨਹੀਂ ਥੇ। ਪ੍ਰੰਤੂ ਉਨ ਕੇ ਚੇਲੋਂ ਨੇ "ਨਾਨਕ ਚੰਦਰੋਦਯ" ਔਰ 'ਜਨਮ-ਸਾਖੀ' ਆਦਿ ਮੇਂ ਬੜੇ ਸਿਧ ਔਰ ਬੜੇ ਬੜੇ ਏਸ਼ਵਰਯ ਵਾਲੇ ਥੇ, ਲਿਖਾ ਹੈ—ਨਾਨਕ ਜੀ ਬ੍ਰਹਮਾ ਆਦਿ ਜੀ ਸੇ ਮਿਲੇ, ਬੜੀ ਬਾਤ ਚੀਤ ਕੀ, ਸਭ ਨੇ ਇਨ ਕਾ ਮਾਨਯ ਕੀਯਾ। ਨਾਨਕ ਜੀ ਕੇ ਵਿਵਾਹ ਮੇਂ ਬਹੁਤ ਸੇ ਘੋੜੇ, ਰਥ, ਸੋਨੇ, ਚਾਂਦੀ, ਮੋਤੀ, ਪੰਨਾ ਆਦਿ ਰਤਨੋਂ ਸੇ ਜੜੇ ਹੂਏ ਔਰ ਅਮੂਲਯ ਰਤਨੋਂ ਕਾ ਪਾਰਾਵਾਰ ਨਾ ਥਾ, ਲਿਖਾ ਹੈ—ਭਲਾ ਯਹ ਗਪੋੜੇ ਨਹੀਂ ਤੋ ਕਿਯਾ ਹੈ ? ਇਸ ਮੇਂ ਇਨਕੇ ਚੇਲੋਂ ਕਾ ਦੋਸ਼ ਹੈ, ਨਾਨਕ ਜੀ ਕਾ ਨਹੀਂ। ਦੂਸਰਾ ਜੋ ਉਨਕੇ ਪੀਛੇ ਉਨਕੇ ਲੜਕੇ ਸੇ ਉਦਾਸੀ ਚਲੇ ਔਰ ਰਾਮਦਾਸ ਆਦਿ ਸੇ ਨਿਰਮਲੇ। ਕਿਤਨੇ ਹੀ ਗੱਦੀ ਵਾਲੋਂ ਨੇ ਭਾਸ਼ਾ ਬਨਾ ਕਰ ਗ੍ਰੰਥ ਮੇਂ ਰੱਖੀ ਹੈ ਅਰਥਾਤ ਇਨਕਾ ਗੁਰੂ ਗੋਬਿੰਦ ਸਿੰਘ ਜੀ ਦਸਵਾਂ ਹੂਆ, ਉਨ ਕੇ ਪੀਛੇ ਉਸ ਗ੍ਰੰਥ ਮੇਂ ਕਿਸੀ ਕੀ ਭਾਸ਼ਾ ਨਹੀਂ ਮਿਲਾਈ ਗਈ। ਕਿੰਤੂ ਵਹਾਂ ਤਕ ਕਿ ਜਿਤਨੇ ਛੋਟੇ ਛੋਟੇ ਪੁਸਤਕ ਥੇ ਉਨ ਸਭ ਕੋ ਇਕੱਠੇ ਕਰਕੇ ਜਿਲਦ ਬੰਦਵਾ ਦੀ। ਇਨ ਲੋਗੋਂ ਨੇ ਭੀ ਨਾਨਕ ਜੀ ਕੇ ਪੀਛੇ ਬਹੁਤ ਸੀ ਭਾਸ਼ਾ ਬਨਾਈ। ਕਿਤਨੋਂ ਹੀ ਨੇ ਨਾਨਾ ਪ੍ਰਕਾਰ ਕੀ ਪ੍ਰਾਣੋਂ ਕੀ ਮਿਥਿਆ ਕੇ ਤੁਲਯ ਬਨਾ ਦੀਏ। ਪ੍ਰੰਤੂ ਬ੍ਰਹਮ ਗਿਆਨੀ ਆਪ ਪ੍ਰਮੇਸ਼ਰ ਬਨਕੇ ਉਸ ਪਰ ਕਰਮ ਉਪਾਸ਼ਨਾ ਛੋੜ ਕਰ ਇਨਕੇ ਸ਼ਿਸ਼ਯ ਝੁਕਤੇ ਆਏ। ਇਸ ਨੇ ਬਹੁਤ ਬਿਗਾੜ ਕਰ ਦੀਯਾ ਨਹੀਂ ਜੋ ਨਾਨਕ ਜੀ ਨੇ ਕੁਝ ਭਕਤ-ਵਿਸ਼ੇਸ਼ ਈਸ਼ਵਰ ਕੀ ਲਿਖੀ ਥੀ, ਉਸੇ ਕਰਤੇ ਆਤੇ ਤੋ ਅੱਛਾ ਥਾ। ਅਬ ਉਦਾਸੀ ਕਹਿਤੇ ਹੈਂ ਹਮ ਬੜੇ, ਨਿਰਮਲੇ ਕਹਿਤੇ ਹੈਂ ਹਮ ਬੜੇ, ਅਕਾਲੀਏ ਤਥਾ ਸੂਰਤੇਹਸਾਈ ਕਹਿਤੇ ਹੈਂ ਕਿ ਸਰਬੋਪਰ ਹਮ ਹੈਂ। ਇਨ ਮੇਂ ਗੋਬਿੰਦ ਸਿੰਘ ਜੀ ਸੂਰਬੀਰ ਹੂਏ। ਜੋ ਮੁਸਲਮਾਨੋਂ ਨੇ ਉਨਕੇ ਪੁਰਸ਼ਾਉਂ ਕੋ ਬਹੁਤ ਸਾ ਦੁਖ ਦੀਯਾ ਥਾ। ਉਨ ਸੇ ਵੈਰ ਲੇਨਾ ਚਾਹਤੇ ਥੇ। ਪ੍ਰੰਤੂ ਇਨ ਕੇ ਪਾਸ ਕੁਝ ਸਮੱਗਰੀ ਨਾ ਥੀ ਔਰ ਉਧਰ ਮੁਸਲਮਾਨੋਂ ਕੀ ਬਾਦਸ਼ਾਹੀ ਪਰਜਵਲਤ ਹੋ ਰਹੀ ਥੀ। ਉਨਹੋਂ ਨੇ ਇਕ ਪੁਰਸ਼ਚਰਣ ਕਰਵਾਇਆ। ਪ੍ਰਸਿਧਿ ਕੀ ਕਿ ਮੁਝ ਕੋ ਦੇਵੀ ਨੇ ਬਰ ਔਰ ਖੜਗ ਦੀਯਾ ਹੈ ਤੁਮ ਮੁਸਲਮਾਨੋਂ ਸੇ ਲੜੋ। ਤੁਮ੍ਹਾਰਾ ਵਿਜੈਯ ਹੋਗਾ। ਬਹੁਤ ਸੇ ਲੋਗ ਉਨਕੇ ਸਾਥੀ ਹੋ ਗਏ। ਔਰ ਉਨਹੋਂ ਨੇ ਜੈਸੇ ਬਾਮ ਮਾਰਗੀਓਂ ਨੇ ਪੰਚ ਮਕਾਰ ਚਕ੍ਰਾਕ੍ਰਿਤੇ ਪੰਚ ਸੰਸਕਾਰ ਚਲਾਏ ਥੇ ਵੈਸੇ ਪੰਚ ਕਕਾਰ ਅਰਥਾਤ ਇਨਕੇ ਪੰਚ ਕਕਾਰ ਯੁਧ ਕੇ ਉਪਯੋਗੀ ਥੇ। ਏਕ ਕੇਸ ਅਰਥਾਤ ਜਿਸ ਕੇ ਰਖਨੇ ਸੇ ਲੜਾਈ ਮੇਂ, ਲਕੜੀ ਔਰ ਤਲਵਾਰ ਸੇ ਕੁਝ ਬਚਾਵਟ ਹੋ। ਦੂਸਰਾ ਕੰਗਣ ਜੋ ਸਿਰ ਕੇ ਊਪਰ ਪਗੜੀ ਮੇਂ ਅਕਾਲੀ ਲੋਗ ਰਖਤੇ ਹੈਂ ਅਰ ਹਥ ਮੇਂ ਕੜਾ ਜਿਸ ਸੇ ਹਾਥ ਔਰ ਸਿਰ ਬਚ ਸਕੇ। ਤੀਸਰਾ 'ਕਛਾ' ਅਰਥਾਤ


www.AKJ.Org

ਜਾਨੂ ਕੇ ਊਪਰ ਏਕ ਜਹਾਂਗੀਜ ਜੋ ਦੌੜਨੇ ਔਰ ਕੂਦਨੇ ਮੇਂ ਅਛਾ ਹੋਤਾ ਹੈ । ਬਹੁਤ ਕਰਕੇ ਅਖਾੜ-ਮਲ ਔਰ ਨਟ ਭੀ ਇਸ ਕੋ ਇਸੀ ਲੀਯੇ ਧਾਰਨ ਕਰਤੇ ਹੈਂ ਕਿ ਜਿਸ ਸੇ ਸਰੀਰ ਕਾ ਮਮਰ-ਸਥਾਨ ਬਚਾ ਰਹੇ ਅਟਕਾਵ ਨਾ ਹੋ। ਚੋਥਾ ਕੰਘਾ ਕਿ ਜਿਸ ਸੇ ਕੇਸ ਸੁਧਰਤੇ ਹੈਂ । ਪਾਂਚਵਾਂ ਕਾਚੂ (ਕਦ) ਜਿਸ ਸੇ ਛਤਰੂ ਸੇ ਭੇਂਟ ਭੱਟਕਾ ਹੋਨੇ ਸੇ ਲੜਾਈ ਮੇਂ ਕਾਮ ਆਵੇ। ਇਸੀ ਲੀਏ ਯਹ ਰੀਤ ਗੋਬਿੰਦ ਸਿੰਘ ਜੀ ਨੇ ਆਪਣੀ ਬੁਧਿਮਤਾ ਸੇ ਉਸ ਸਮੇਂ ਕੇ ਲਿਯ (ਕੀ) ਸੀ। ਅਬ ਇਸ ਸਮਯ ਮੇਂ ਉਨਕਾ ਰਖਨਾ ਕੁਛ ਉਪਯੋਗੀ ਨਹੀਂ ਹੈ। ਪ੍ਰੰਤੂ ਅਬ ਜੋ ਯੁਧ ਕੇ ਪ੍ਰਯੋਜਨ ਕੇ ਲਿਯੇ ਬਾਤੇਂ ਕਰਤਬਯ ਥੀ । ਉਨ ਕੋ ਧਰਮ ਕੇ ਸਾਥ ਮਾਨ ਲੀ ਹੈ । ਮੂਰਤੀ ਪੂਜਾ ਤੋ ਨਹੀਂ ਕਰਤੇ, ਕਿੰਤੂ ਉਸ ਕੇ ਵਿਸ਼ੇਸ਼ ਗ੍ਰੰਥ ਕੀ ਪੂਜਾ ਕਰਤੇ ਹੈਂ । ਕਯਾ ਯਹ ਮੂਰਤੀ ਪੂਜਾ ਨਹੀਂ ? ਕਿਸੀ ਜੜ ਪਦਾਰਥ ਕੇ ਸਾਹਮਨੇ ਸਿਰ ਝੁਕਾਨਾ ਵਾ ਉਸ ਕੀ ਪੂਜਾ ਕਰਨਾ ਸਭ ਮੂਰਤੀ ਪੂਜਾ ਹੈ। ਜੈਸੇ ਮੂਰਤੀ ਪੂਜਾ ਵਾਲੋਂ ਨੇ ਅਪਨੀ ਦੁਕਾਨ ਜਮਾ ਕਰ ਜੀਵਕਾ ਠਾੜੀ ਹੈ, ਵੈਸੇ ਇਨ ਲੋਗੋਂ ਨੇ ਭੀ ਕਰ ਲਈ ਹੈ। ਜੈਸੇ ਪੁਜਾਰੀ ਲੋਗ ਮੂਰਤੀ ਕਾ ਦਰਸ਼ਨ ਕਰਤੇ ਭੇਂਟ ਚੜ੍ਹਵਾਤੇ ਹੈਂ, ਵੈਸੇ ਨਾਨਕ ਪੰਥੀ ਲੋਗ ਗ੍ਰੰਥ ਕੀ ਪੂਜਾ ਕਰਤੇ, ਕਰਾਤੇ ਭੇਂਟ ਭੀ ਚੜ੍ਹਵਾਤੇ ਅਰਥਾਤ ਮੂਰਤੀ ਪੂਜਾ ਵਾਲੇ ਜਿਤਨਾ ਵੇਦ ਕਾ ਮਾਨ ਕਰਤੇ ਹੈਂ ਉਤਨਾ ਹੀ ਯਹ ਲੋਗ ਗ੍ਰੰਥ ਸਾਹਿਬ ਵਾਲੇ ਨਹੀਂ ਕਰਤੇ । ਹਾਂ—ਯਹ ਕਹਾ ਜਾ ਸਕਤਾ ਹੈ ਕਿ ਉਨਹੋਂ ਨੇ ਵੇਦੋਂ ਕੋ ਸੁਨਾ ਨਾ ਦੇਖਾ, ਕਿਯਾ ਕਰੇਂ ? ਜੋ ਸੁਨਨੇ ਔਰ ਦੇਖਨੇ ਮੇਂ ਆਵੇ ਤੋ ਬੁਧੀਮਾਨ ਲੋਕ ਜੋ ਕਿ ਹਠੀ ਦੁਰਾਗ੍ਰਹੀ ਨਹੀਂ ਹੈ, ਵੇ ਸੰਪ੍ਰਦਾਇ ਵਾਲੇ ਵੇਦ ਮਤ ਮੇਂ ਆ ਜਾਤੇ ਹੈਂ । ਪ੍ਰੰਤੂ ਇਨ ਸਭਨੇ ਭੋਜਨ ਕਾ ਬਖੇੜਾ ਬਹੁਤ ਸਾ ਹਟਾ ਦਿਯਾ । ਜੈਸੇ ਇਸ ਕੋ ਹਟਾਇਆ ਵੈਸੇ ਵਿਖਿਯਾਸਖਤ ਦੁਰਭਿਮਾਨ ਕੋ ਭੀ ਹਟਾ ਕਰ ਵੇਦ ਮਤ ਕੀ ਉਨਤੀ ਕਰੇਂ ਤੋ ਬਹੁਤ ਅੱਛੀ ਬਾਤ ਹੈ ?

ਸਤਿਆਰਥ ਪ੍ਰਕਾਸ਼,
ਏਕਾਦਸ ਸਮੁਲਾਸ ਸਿਖ ਮਤ ਸਮੀਖਿਆ
ਪੰਨਾ ੩੫੦ ਤੋਂ ੩੫੨ ਤੱਕ

# ਲੋੜ ਅਜ ਗੁਰਮਤਿ ਪ੍ਰਚਾਰ ਦੀ ਏ

[ ਵਲੋਂ—ਗਿਆਨੀ ਗੋਪਾਲ ਸਿੰਘ ਜੀ 'ਮਿਤਰ' ਮਾਲਬ (ਗੁੜਗਾਉਂ) ]

ਗੁਰਮਤ-ਚਮਨ ਦੀ ਅਜ ਤਰਸ ਯੋਗ ਹਾਲਤ, ਹਰ ਇਕ ਕਲੀ ਰੋ ਰੋ ਢਾਹੀਂ ਮਾਰਦੀ ਏ।
ਸੋਕਾ ਨਵੀਂ ਪਨੀਰੀ ਨੂੰ ਲਗ ਰਿਹਾ ਏ, ਜਿਸ ਤੇ ਨਜ਼ਰ ਅਜ ਸਾਰੇ ਸੰਸਾਰ ਦੀ ਏ।
ਆਗੂ ਪੰਥ ਦੇ ਬੇਪ੍ਰਵਾਹ ਹੋਏ, ਚਿੰਤਾ ਉਨ੍ਹਾਂ ਨੂੰ ਆਪਣੇ ਵਕਾਰ ਦੀ ਏ।
ਮਾਰੂ ਮਨਮਤ ਪ੍ਰਚਾਰ ਦੇ ਰੋਕਣੇ ਲਈ, ਭਾਰੀ ਲੋੜ ਅਜ ਗੁਰਮਤਿ ਪ੍ਰਚਾਰ ਦੀ ਏ।
ਵਡਾ ਕਾਰਨ ਹੈ ਏਹ ਕਿ ਪੰਥ ਵਲੋਂ, ਗੁਰੂ-ਡੰਮ ਵਿਰੁੱਧ ਪ੍ਰਚਾਰ ਕੋਈ ਨਹੀਂ।
ਉਗੇ ਸੂਲ ਥਾਂ ਥਾਂ ਦੇਹ-ਧਾਰੀਆਂ ਦੇ, ਪੁੱਟ ਸੁੱਟਣ ਲਈ ਕਾਰੀ ਹਥਿਆਰ ਕੋਈ ਨਹੀਂ।
ਕੌਣ ਖੜਾ ਹੋਵੇ ਸੀਨਾ ਤਾਣ ਕੇ ਤੇ, ਸਿਖ ਸਿਖ ਦਾ ਪਰਸਪਰ ਪਿਆਰ ਕੋਈ ਨਹੀਂ।
ਝਗੜੇ ਹੋਣ ਸਕਤ੍ਰੀ ਪ੍ਰਧਾਨਗੀ ਦੇ, ਪੰਥ - ਸੇਵਾ ਦਾ ਦਿਲਾਂ 'ਚ ਵਿਚਾਰ ਕੋਈ ਨਹੀਂ।
ਜੋ ਕੁਝ ਹੋ ਰਿਹੈ ਉਹ ਵੀ ਬੇਅਸਰ ਦਿਸਦੈ, ਮਰਜ਼ ਹੋ ਰਹੀ ਕਾਬੂਓਂ ਬਾਹਰ ਦੀ ਏ।
ਹੋਰ ਦਾਰੂ ਨਹੀਂ ਕੋਈ ਐ 'ਮਿਤਰ' ਸਜਣੋ, ਭਾਰੀ ਲੋੜ ਅਜ ਗੁਰਮਤਿ ਪ੍ਰਚਾਰ ਦੀ ਏ।
ਉਠੋ 'ਸੂਰਾ ਪ੍ਰਵਾਰ' ਦੇ ਵਾਂਗ ਰਲ ਕੇ, ਘਰ ਘਰ ਵਿਚ ਸੁਗੰਧੀ ਪੁਚਾਈ ਜਾਵੇ।
ਰਬੀ ਬਾਣੀ ਵਸਾ ਕੇ ਹਿਰਦਿਆਂ ਵਿਚ, ਕਰ ਕੇ ਕੀਰਤਨ ਗਾਈ ਸੁਣਾਈ ਜਾਵੇ।
ਚਾੜ੍ਹੋ ਰੰਗਣ ਮਜੀਠ ਦੀ ਦਿਲਾਂ ਉਤੇ, ਸੇਵਾ ਕਰ ਕਰ ਕੇ ਜੀਵਨ ਸਫ਼ਲਾਈ ਜਾਵੇ।
ਦੈਵੀ ਸੰਪਦ ਗੁਣ ਧਾਰਨੀ ਬਣੋ ਆਪੂੰ, ਲਾਗ ਸਾਰੇ ਸੰਸਾਰ ਨੂੰ ਲਾਈ ਜਾਵੇ।
ਤੋਰਨ ਲਈ ਜਗ ਨੂੰ ਜਿਧੇ ਰਾਹ ਉਤੇ, ਗੱਲ ਸੁਚ ਅਚਾਰ ਵੀਚਾਰ ਦੀ ਏ।
ਪੰਥ-ਦਾਨਿਓ ਹੋ ਕੇ ਸੁਚੇਤ ਸੋਚੋ, ਡਾਢੀ ਲੋੜ ਅਜ ਗੁਰਮਤਿ ਪ੍ਰਚਾਰ ਦੀ ਏ।

www.AKJ.Org

# ਮਾਪਿਆਂ ਦਾ ਫ਼ਰਜ਼

ਇਕ ਪੰਥ ਦਰਦਣ ਬੀਬੀ ਜੀ ਨੇ, ਜਿਨ੍ਹਾਂ ਨੇ ਆਪਣਾ ਨਾਮ ਦੇਣ ਦੀ ਆਗਿਆ ਨਹੀਂ ਬਖ਼ਸ਼ੀ, ਸਿੱਖ ਬੱਚੇ ਬੱਚੀਆਂ ਦੇ ਕੇਸਾਂ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਤਿਕਾਰ, ਗੁਰਸਿਖੀ ਦੀ ਰਹਿਤ-ਬਹਿਤ ਤੇ ਆਚਰਣ ਸੰਬੰਧੀ ਇਹ ਲੇਖ ਲਿਖ ਘਲਿਆ ਹੈ। ਅਸੀਂ ਇਸ ਪਾਸੇ ਪਾਠਕਾਂ ਦਾ, ਅਤੇ ਖ਼ਾਸ ਕਰਕੇ ਮਾਪਿਆਂ ਦਾ ਧਿਆਨ ਦਿਵਾਉਂਦੇ ਹਾਂ।

ਗੁਰਦੁਆਰੇ, ਧਰਮਸਾਲਾਂ ਅਤੇ ਘਰਾਂ ਵਿਚ ਜਦੋਂ ਵੀ ਕਿਤੇ ਮਹਾਰਾਜ ਦੀ ਹਜ਼ੂਰੀ ਵਿਚ ਧਾਰਮਿਕ ਪ੍ਰੋਗਰਾਮ, ਕੀਰਤਨ ਜਾਂ ਸ੍ਰੀ ਅਖੰਡ ਪਾਠ ਜੀ ਦੇ ਭੋਗ ਹੁੰਦੇ ਹਨ ਤਾਂ ਆਮ ਵੇਖਣ ਵਿਚ ਆਂਵਦਾ ਹੈ, ਕਿ ਸਿੱਖ ਬੱਚੇ ਬੱਚੀਆਂ ਸਿਰੋਂ ਪੂਰੇ ਨੰਗੇ ਜਾਂ ਸਿਰਫ਼ ਜੂੜਿਆਂ ਨੂੰ ਰੁਮਾਲਾਂ ਨਾਲ ਬੰਨ੍ਹੀ ਬੈਠੇ, ਜਾਂ ਰੁਮਾਲ ਦੀ ਟੁਕੜੀ ਸਿਰ ਤੇ ਰੱਖੀ ਬੈਠੇ ਲਭਦੇ ਹਨ। ਸਿਖ ਖਿਲਾੜੀਆਂ ਨੇ ਕੇਸਾਂ ਦੀ ਬੇਅਦਬੀ, ਤੇ ਖੇਲਦਿਆਂ ਉਪਰ ਥਲੇ ਹੋਂਦਿਆਂ ਕਿਤੇ ਪਗੜੀ ਡਿਗ ਨਾ ਜਾਏ, ਜਾਂ ਜੂੜਾ ਨਾ ਖੁਲ੍ਹ ਜਾਏ, ਕੇਸ ਬਿਖਰ ਨਾ ਜਾਣ, ਖੇਡ ਵਿਚ ਇਸ ਤਰ੍ਹਾਂ ਧਿਆਨ ਨਾ ਟੁਟ ਜਾਏ ਦੇ ਡਰ ਕਾਰਨ ਜੂੜੇ ਨੂੰ ਰੁਮਾਲ ਨਾਲ ਕਸ ਕੇ ਬੰਨ੍ਹਣਾ ਚਾਲੂ ਕੀਤਾ ਹੈਸੀ।

ਹੁਣ ਉਹ ਆਮ ਸੰਗਤਾਂ ਵਿਚ ਇਸ ਤਰ੍ਹਾਂ ਪ੍ਰਚਲਤ ਹੋ ਗਿਆ ਤੇ ਫ਼ੈਸ਼ਨ ਵਿਚ ਆ ਗਿਆ ਹੈ ਕਿ ਹੁਣ ਸਕੂਲ ਯੂਨੀਫ਼ਾਰਮ ਤੇ ਡਰੈਸ ਦਾ ਇਕ ਬੜਾ ਸੁਖਾਵਾਂ ਤੇ ਜ਼ਰੂਰੀ ਅੰਗ ਹੀ ਬਣ ਬੈਠਾ ਹੈ, ਜਿਵੇਂ ਸਿੱਖ ਮਾਵਾਂ ਭੈਣਾਂ ਨੂੰ ਬੜਾ ਸੁਖ ਤੇ ਸਸਤਾ ਕੰਮ ਮਿਲ ਗਿਆ ਹੈ ਕਿ ਛੋਟੇ ਜਿਹੇ ਰੁਮਾਲ ਨਾਲ ਪੰਦਰ੍ਹਾਂ ਸੋਲ੍ਹਾਂ ਸਾਲ ਤੀਕ ਦੇ ਬੱਚੇ, ਭਰਾ ਭੈਣ, ਧੀ ਲਈ ਸਾਫੇ, ਪਗੜੀ ਤੇ ਦਸਤਾਰ, ਦੁਪਟਾ ਖ਼ਰੀਦਣ, ਸਾਂਭਣ, ਧੋਣ ਸੁਕਾਉਣ ਤੇ ਰੱਖਣ ਦੀ ਤਕਲੀਫ਼ ਨਹੀਂ ਕਰਨੀ ਪੈਂਦੀ।

ਬੱਚਿਆਂ ਨੂੰ ਕੇਸਾਂ ਨਾਲ ਪਿਆਰ, ਸਤਿਕਾਰ, ਦਸਤਾਰ ਬੰਨ੍ਹਣ ਦੀ ਜਾਚ ਅਤੇ ਪਗੜੀ ਸਜਾਉਣ ਦਾ ਸ਼ੌਕ, ਛੋਟੇ ਜਿਹੇ ਬੱਚੇ ਨੂੰ ਮਾਂ ਦੇ ਦੁਪੱਟੇ ਦਾ ਸਾਫ਼ਾ ਬਣਾ ਕੇ ਬੰਨ੍ਹਣ ਦਾ ਚਾਓ, ਇਸ 'ਨੱਕ ਪੂੰਝਣੇ' ਰੁਮਾਲ ਨੇ ਮੱਠਾ ਹੀ ਨਹੀਂ ਕਰ ਦਿਤਾ, ਸਗੋਂ ਉੱਕਾ ਹੀ ਮਲੀਆਮੇਟ ਕਰਕੇ ਰਖ ਦਿਤਾ ਹੈ। ਅੱਜ ਕਲ੍ਹ ਦੀਆਂ ਨੌਜਵਾਨ ਪੜ੍ਹੀਆਂ ਲਿਖੀਆਂ ਸਿੱਖ ਮਾਵਾਂ ਜੋ ਆਪੀਂ ਕ੍ਰਿਸਚੀਅਨ ਕਾਨਵੇਂਟਾਂ ਦੀਆਂ ਪੜ੍ਹੀਆਂ ਹੋਣ ਕਰਕੇ ਸਿੱਖੀ ਸਪਿਰਿਟ ਵਿਚ ਅਤੇ ਖ਼ਾਲਸਈ ਸ਼ਾਨ ਦੀਆਂ ਰਹਿਤਾਂ ਤੋਂ ਖਾਸੀਆਂ ਕੋਰੀਆਂ ਹੈਨ, ਉਹ ਅਗੋਂ ਆ ਰਹੇ ਆਪਣੇ ਸਿੱਖ ਬੱਚੇ ਬੱਚੀਆਂ ਦੇ ਕੇਸਾਂ ਦੀ ਖ਼ਾਸੀਅਤ ਕੀ ਜਾਨਣ? ਫ਼ੈਸ਼ਨ-ਪ੍ਰਸਤੀ ਵਿਚ ਹੀ ਕਹੋ ਜਾਂ ਆਪਣੇ ਸੁਖ ਆਰਾਮ ਲਈ ਕਹੋ, ਜਾਂ ਮਮਤਾ ਵਿਚ ਆ ਕੇ ਬੱਚੇ ਦੇ ਕੇਸਾਂ ਦੀ ਸੰਭਾਲ (ਧੋਣ ਤੇ ਕੰਘਾ ਕਰਨ ਵਿਚ) ਥੋੜੀ ਖੇਚਲ ਨੂੰ ਵੇਖ ਕੇ ਝਟ ਹੀ ਉਨ੍ਹਾਂ ਦਾ ਰੰਗ ਰੂਪ ਜਾਂ ਤੇ ਆਪੀਂ ਵਿਗਾੜ ਦਿੰਦੀਆਂ ਹੈਨ ਜਾਂ ਫਿਰ ਉਨ੍ਹਾਂ ਦੇ ਪਿਤਾ ਰਾਹੀਂ ਕਰਵਾ ਦੇਂਦੀਆਂ ਹਨ। ਖ਼ਾਸ ਕਰਕੇ ਸਕੂਲ ਜਾਣ ਦੀ ਉਮਰਾ ਵਿਚ ਤਾਂ ਜ਼ਰੂਰ ਹੀ—"ਹਾਲਾਂ ਉਸ ਤੋਂ ਕੇਸ ਸਾਂਭੇ ਨਹੀਂ ਜਾਣੇ। ਆਪਣੇ ਆਪ ਉਸ ਨੇ ਹੋਸਟਲ ਵਿਚ ਧੋ ਸੁੱਕਾ ਤੇ ਕੰਘਾ ਨਹੀਂ ਕਰ ਸਕਣਾ, ਕੇਸ ਬਿਖਰ ਜਾਣ ਤੇ ਹੋਰਨਾਂ ਬੱਚਿਆਂ ਸਾਹਵੇਂ ਮਜ਼ਾਕ ਨਾ ਬਣ ਜਾਵੇ। ਸਾਈਕਲਾਜੀਕਲੀ ਸਾਡਾ ਬੱਚਾ ਹੋਰਨਾਂ ਤੋਂ ਵੱਖਰਾ ਤੇ ਘਟੀਆ-ਪਨ ਦੇ ਅਹਿਸਾਸ ਵਿਚ ਨਾ ਆ ਜਾਵੇ" ਇਨ੍ਹਾਂ ਵਿਚਾਰਾਂ ਕਾਰਨ ਬਹੁਤੇ ਮਾਪੇ ਬੜੇ ਸੁਖ ਚੈਨ ਨਾਲ ਆਪਣੇ ਜਿਗਰੀ ਟੋਟਿਆਂ, ਬੱਚੇ ਬੱਚੀਆਂ, ਤਥਾ ਸਿੱਖ ਪੰਥ ਦੀ ਨਵੀਂ ਪੁੰਗਰਦੀ ਪਨੀਰੀ ਤੇ ਕਲ ਭਲ੍ਹਕ ਦੀ ਕੌਮ ਨੂੰ ਆਪੀਂ ਪਤਿਤ ਕਰ ਰਹੇ ਅਤੇ ਵੱਡੀ ਢਾਹ ਲਾ ਰਹੇ ਹਨ।

**ਦੋਸ਼ ਸਾਡਾ ਆਪਣਾ —**

ਐਸੇ ਮਾਪਿਆਂ ਨੂੰ ਇਹ ਗਿਆਨ ਹੋਣਾ ਚਾਹੀਦਾ ਹੈ


www.AKJ.Org

ਕਿ ਉਨ੍ਹਾਂ ਦੀ ਜਿਥੇ ਇਹ ਡਿਊਟੀ ਹੈ, ਕਿ ਉਹ ਸਕੂਲ ਜਾਣ ਦੀ ਉਮਰ ਤੋਂ ਪਹਿਲਾਂ ਆਪਣੇ ਬੱਚੀ ਬੱਚੇ ਨੂੰ ਹੋਰ ਹਰ ਪ੍ਰਕਾਰ ਦੀ ਸੰਭਾਲ ਤੇ ਸਰੀਰ ਦੇ ਹਰ ਹਿੱਸੇ ਦੀ ਸੰਭਾਲ ਕਰਨ ਦੀ ਜਾਚ ਸਿਖਾਂਦੇ ਹਨ, ਉਥੇ ਹੀ ਇਹ ਵੀ ਉਨ੍ਹਾਂ ਦੀ ਖ਼ਾਸ ਤੇ ਜ਼ਰੂਰੀ ਡਿਊਟੀ ਬਣਦੀ ਹੈ ਕਿ ਆਪਣੇ ਬੱਚੀ ਬੱਚੇ ਨੂੰ ਉਨ੍ਹਾਂ ਦੇ ਹੀ ਸਰੀਰ ਦੇ ਇਸ ਅੰਗ ਦੀ ਸੰਭਾਲ ਕਰਨ ਦੀ ਪੂਰੀ ਜੁਗਤੀ ਬੜੇ ਪਿਆਰ, ਸ਼ੌਕ,ਲਗਨ ਤੇ ਉਦਮ ਨਾਲ ਸਿਖਾਉਂਦੇ ਰਹਿਣ। ਜਦੋਂ ਬੱਚਾ ਆਪਣੇ ਸਰੀਰ ਦੀਆਂ ਹੋਰ ਰੋਜ਼ਾਨਾ ਡਿਊਟੀਆਂ ਆਪਣੇ ਆਪ ਕਰਨ ਯੋਗ ਹੋ ਜਾਂਦਾ ਹੈ, ਆਪਣੀਆਂ ਸਭ ਚੀਜ਼ਾਂ ਦੀ ਦੇਖ ਭਾਲ ਕਰ ਸਕਣ ਯੋਗ ਹੋ ਜਾਂਦਾ ਹੈ ਤਾਂ ਫਿਰ ਭਲਾ ਉਹ ਆਪਣੇ ਇਨ੍ਹਾਂ ਕੇਸਾਂ ਵਲੋਂ ਕਿਉਂ ਅਨਗਹਿਲੀ ਕਰੇਗਾ ? ਦੋਸ਼ ਬਚੇ ਬਚੀਆਂ ਦਾ ਨਹੀਂ, ਸਗੋਂ ਦੋਸ਼ ਸਾਡਾ ਆਪਣਾ ਤੇ ਮਾਪਿਆਂ ਦਾ ਹੀ ਹੈ।

ਇਸ ਨੰਨੀ ਪਨੀਰੀ ਨੂੰ ਸ਼ੁਰੂ ਤੋਂ ਹੀ ਇਕ ਵਖਰੀ ਫ਼ਿਲਾਸਫ਼ੀ ਤੇ ਅਡਰੇ ਤੌਰ - ਤਰੀਕੇ ਨਾਲ ਕੇਸਾਂ ਨੂੰ ਸੰਭਾਲਣਾ ਤੇ ਛੋਟੀ ਦਸਤਾਰ ਸਜਾ ਕੇ ਰਖਣਾ, ਬੜੇ ਚਾਵਾਂ ਮਲ੍ਹਾਰਾਂ ਨਾਲ ਬਚਿਆਂ ਦੇ ਕੇਸ ਗੁੰਦਾਉਣੇ, ਜੂੜੇ ਕਰਨੇ ਤੇ ਨੋਕਦਾਰ ਰੁਮਾਲੀ ਦਸਤਾਰ ਪੂਰਾ ਸਿਰ ਢਕ ਕੇ ਸਜਾਉਣੀ ਸਿਖਾਣਾ, ਵਡੇ ਹੋਣ ਤੇ 'ਦਸਤਾਰ ਸਜਾਉਣ' ਦਾ ਗੁਰੂ-ਹਜ਼ੂਰੀ ਵਿਚ ਸੰਗਤਾਂ ਸਾਹਵੇਂ ਖੁਸ਼ੀਆਂ ਮਾਣ ਭਰਪੂਰ ਰਿਵਾਜ ਨਵੇਂ ਸਿਰਿਉਂ ਗੁਰਸਿਖੀ ਸੰਸਕਾਰਾਂ ਨੂੰ ਸੰਭਾਲਣਾ ਹੋਵੇਗਾ ਹੁਣ। ਨਹੀਂ ਤਾਂ ਅਜ ਕਲ ਦੀ ਤੇਜ਼ ਜ਼ਿੰਦਗੀ ਵਿਚ ਸਾਡੇ ਸਿਖ ਬੱਚੇ ਦੀ ਰੂਪ-ਰੇਖਾ ਬਿਖਰੇ ਕੇਸਾਂ ਵਾਲੀ, ਉਸ ਨੂੰ ਹਾਸੋ ਹੀਣਾ, ਢਿਲੜ ਤੇ ਚੁਸਤ ਨਾ ਦਰਸਾਉਂਦੀ ਹੋਈ ਬੱਚੇ ਨੂੰ ਇਸ ਪ੍ਰਕਾਰ ਤੇ ਤੌਰ-ਤਰੀਕੇ ਨਾਲ ਹੌਲੇ ਹੌਲੇ ਕੇਸਾਂ ਦੀ ਲੋੜ ਤੋਂ ਹੀ ਮੁਨਕਰ ਕਰ ਜਾਵੇਗੀ। ਜਦੋਂ ਮੌਕਾ ਮਿਲੇ, ਝਟ ਉਸ ਘੜੀ ਦਾ ਲਾਭ ਉਠਾਉਂਦਾ ਹੋਇਆ ਛੁੱਟੀ ਕਰ ਕੇ ਕਲੀਨ ਸ਼ੇਵਨ ਵਡਿਆਂ ਦੀ ਬੋਲੀ ਵਿਚ, ਪਤਿਤ ਹੋ ਜਾਵੇਗਾ। ਅਜ ਕਲ ਐਸੀ ਹਵਾ ਕਾਲਜਾਂ ਵਿਚ ਬਹੁਤ ਚਲੀ ਹੋਈ ਹੈ।

ਜਿਥੇ ਅਸੀਂ ਮਾਂ ਪਿਉ ਆਪਣੇ ਬੱਚੇ ਦੀ ਹਰ ਚੰਗੀ ਗੱਲ ਦੂਜੇ ਦੇ ਸਾਹਵੇਂ ਪ੍ਰਗਟ ਕਰਨ ਦੀ ਇੱਛਾ ਕਰਦੇ ਹਾਂ, ਹਲੀਮੀ ਨਾਲ ਬੋਲੇ, ਸਵੱਛ ਤੇ ਚੁਸਤ ਪਹਿਰਾਵੇ ਵਿਚ ਹੋਵੇ, ਉਸ ਦੀ ਚਾਲ ਢਾਲ, ਪਹਿਰਾਵਾ, ਬੋਲ, ਗੁਫ਼ਤਾਰ ਵਧ ਤੋਂ ਵਧ ਮੈਨਰਜ਼ ਅਨੁਸਾਰ ਹੋਵੇ ਤਾਂ ਜੁ ਹਰ ਕੋਈ ਪ੍ਰਭਾਵਤ ਹੋ ਸਕੇ ਕਿ ਇੰਨਾ ਪਿਆਰਾ ਬੱਚਾ ਕਿਸਦਾ ਹੈ, ਕਦੀ ਅਸੀਂ ਉਥੇ ਇਹ ਵੀ ਸੋਚੀਏ, ਕਿ ਸਿਖ ਦੰਪਤੀ ਦਾ ਬੱਚਾ ਨਾਲ-ਉਂਗਲੀ ਫੜਿਆ 'ਕੇਸ ਕਟਿਆ' ਕੈਸਾ ਲਗੇਗਾ ? ਅਜ ਕਲ ਐਸੇ ਦ੍ਰਿਸ਼ ਅੱਖਾਂ ਸਾਹਵੇਂ ਜਦੋਂ ਨਿਤਾ ਪ੍ਰਤੀ ਆਂਵਦੇ ਹੈਨ, ਤਾਂ ਗੁਰਸਿਖੀ ਵਾਤਾਵਰਨ ਵਿਚ ਪਲੀਆਂ ਰੂਹਾਂ ਕੁਰਲਾ ਉਠਦੀਆਂ ਹੈਨ ਕਿ ਵੇਖਦਿਆਂ ਵੇਖਦਿਆਂ ਅਗੋਂ ਦਾ ਪ੍ਰਵਾਰ ਹੀ ਸਾਰਾ, ਸਿਖੀ ਤੋਂ ਪਤਿਤ ਘੋਨ-ਮੋਨ ਪ੍ਰਵਾਰ ਬਣ ਜਾਵੇਗਾ। ਹੁਣ ਬੇਟੇ ਸਿੰਘ ਰੂਪ-ਰੇਖਾ ਵਿਚ ਨਾ ਰਹੇ ਤਾਂ ਬਚਪਨ ਦੀ ਖੇਡ ਅਗੋਂ ਜ਼ਰੂਰੀ ਹੈ, ਕਿ ਐਸਾ ਅਸਰ ਤੇ ਰੰਗ ਲਿਆਵੇ ਕਿ ਸਮੇਂ ਨਾਲ ਅਗਲਾ ਪੋਚ ਸਿਖੀ ਤੋਂ ਕੋਹਾਂ ਦੂਰ ਹੋਂਦਾ ਜਾਏ।

### ਵਡੇਰੇ ਹੋਏ ਬੱਚੇ—

ਇਹ ਗੱਲਾਂ ਵਡਿਆਂ ਬੱਚਿਆਂ ਨਾਲ ਕਰੀਏ,ਤਾਂ ਬਹੁਤ ਕੁਝ ਹੋਰ ਨਵਾਂ ਵੀ ਸੁਣਨਾ ਮਿਲਦਾ ਹੈ, ਨਾਲ ਜਦੋਂ ਕਿ ਉਨ੍ਹਾਂ ਸਿਖ ਬਚਿਆਂ ਦੀਆਂ ਆਪਣੇ ਵਿਚ ਚਲਨ-ਹੀਨ ਤੇ ਭੱਦੀਆਂ ਗੱਲਾਂ ਹੁੰਦੀਆਂ ਸੁਣੀਂਦੀਆਂ ਹਨ। ਛੋਟੇਪਨ ਵਿਚ ਸਿਖੀ ਸਪਿਰਿਟ, ਬਾਣੀ ਦੀ ਰੰਗਣ, ਅੰਮ੍ਰਿਤ ਦੀ ਦਾਤ, ਸਿਖ ਇਤਿਹਾਸ ਅਤੇ ਗੁਰੂ ਸਹਿਬਾਨ ਦੀਆਂ ਜੀਵਨੀਆਂ ਨਾ ਪ੍ਰਾਪਤ ਕਰ ਸਕਣ ਕਰਕੇ ਇਹ ਨਾਮ ਧਰੀਕ ਸਿਖ ਬੱਚੇ ਬੱਚੀਆਂ ਆਪਣੇ ਦੋਸਤਾਂ ਮਿਤਰਾਂ ਤੇ ਨਾਲ ਦੇ ਸਿਖ ਬੱਚਿਆਂ ਨਾਲੋਂ ਕਿਤੇ ਵੀ ਸਿਰਕੱਢ ਨਹੀਂ ਹੋਂਦੇ ਜਾਂ ਬਣ ਸਕਦੇ, ਜਿਸ ਕਰਕੇ ਸਿਖ ਪਿਉ ਦੇ ਸਿਰ ਪਿਛੋਂ...।

ਸਭ ਤੋਂ ਵਧੀਕ ਇਨ੍ਹਾਂ ਬੱਚੀਆਂ ਤੇ ਬੱਚਿਆਂ ਦਾ ਭਰੋਸਾ ਕੇਸਾਂ ਤੋਂ ਖਾਸ ਕਰਕੇ ਉੱਨਾ ਹੀ ਹਟ ਜਾਂਦਾ ਪਿਆ ਹੈ, ਜਦੋਂ ਉਹ ਐਸੇ ਹੀ ਕੇਸਾਂ ਵਾਲੇ ਪਰ ਚਲਨ-ਹੀਨ, ਬਚਨ-ਹੀਨ, ਕਰਮ-ਹੀਨ ਤੇ ਆਪਣੇ ਪਿਤਾ ਦੇ ਸਮਾਨ ਬਜ਼ੁਰਗ ਸਿਖ ਜਾਂ ਸਿੰਘ 'ਅੰਕਲ ਜੀਆਂ' ਨੂੰ ਵਹਿਸ਼ੀ ਜੀਵਨ ਜੀਊਂਦਿਆਂ ਵੇਖਦੇ ਹਨ। ਤੇ ਉਨ੍ਹਾਂ ਦੇ ਆਪਣੇ ਉਪਰ ਹੀ ਐਸੇ ਮੌਕੇ ਵਾਪਰ ਜਾਣ ਤੇ ਉਹ ਅਭੋਲ ਚੰਚਲ ਮਨ ਵਾਲੇ ਬੱਚੇ ਬੱਚੀਆਂ ਕਦੀ ਜਾਣ ਵੀ ਨਹੀਂ ਸਕਦੀਆਂ ਕਿ 'ਸ਼ਕਲ ਮੋਮਨਾਂ ਕਰਤੂਤ ਕਾਫਰਾਂ' ਭਲਾ ਇਹ ਕਿਸ ਤਰ੍ਹਾਂ



www.AKJ.Org

ਹੋ ਸਕਦਾ ਹੈ ?

ਬੜੇ ਗੁਰਸਿਖ ਹੋਸਨ, ਪਰ ਦੂਜੇ ਸਿਖ ਦੀ ਦਸਤਾਰ ਉਛਾਲਦੇ ਹੋਸਨ। ਪ੍ਰਵਾਰ ਦੇ ਖ਼ਾਸ ਮਿਤਰ ਹੋਸਨ, ਸਿਖ ਸਭਾਵਾਂ ਦੇ ਪ੍ਰਧਾਨ ਹੋਸਨ, ਕਈ ਸੁਸਾਇਟੀਆਂ ਦੇ ਮੋਹਰੀ ਹੋਸਨ, ਬੜੀ ਲਗਨ ਤੇ ਉਤਸ਼ਾਹ ਨਾਲ ਸਿਖ ਆਸ਼ੂਮਾਂ ਨੂੰ ਗਫੇ ਦਿੰਦੇ ਹੋਸਨ, ਕਈ ਇਨਸਟੀਚਿਊਟਾਂ ਵਿਚ ਸਿਖਾਂ ਲਈ ਕੇਸਾਂ ਤੇ ਹੋਰ ਹੱਕਾਂ ਲਈ ਆਪਣਾ ਆਪਾ ਨਿਛਾਵਰ ਕਰਨ ਵਾਲੇ ਹੋਸਨ। ਉਹ...ਤੇ...ਉਨ੍ਹਾਂ..." ਇਹ ਕਿਸ ਤਰ੍ਹਾਂ ਸੋਚਿਆ ਜਾ ਸਕਦਾ ਹੈ ? ਐਸੇ ਆਚਰਨ ਹੀਣ ਵਿਚੋਂ ਤੇ ਉਪਰੋਂ ਸਾਬਤ ਸੂਰਤ ਵਾਲੇ ਸਰਦਾਰ ਜੀ ਨਹੀਂ ਜਾਣਦੇ ਕਿ ਉਨ੍ਹਾਂ ਦੀ ਇਹ ਕਰਤੂਤ ਤੇ ਕਰਨੀ ਇਨ੍ਹਾਂ ਨਵਿਆਂ ਬਚੀਆਂ-ਬਚਿਆਂ ਲਈ ਕੀ ਜ਼ਹਿਰ ਘੋਲੇਗੀ। ਇਨ੍ਹਾਂ ਤੋਂ ਪਿੱਛਾ ਛੁਡਾਉਣ ਤੇ ਆਪਣੀ ਇਜ਼ਤ ਬਚਾਉਣ ਲਈ ਉਹ ਗ਼ਲਤ ਜਗ੍ਹਾ, ਪਰ ਦਿਲੋਂ ਸਿਖੀ ਦੀਆਂ ਖ਼ੂਬੀਆਂ ਰਖਣ ਵਾਲੇ ਨਾਲ ਸਿਖ ਬਚੀਆਂ-ਬਚਿਆਂ ਨਾਲ ਸਾਂਝਾਂ ਵਧਾਉਂਦੇ ਜਾਣਗੇ। ਇਸ ਉਮਰ ਵਿਚ ਪ੍ਰੈਕਟਿਸ ਤੇ ਥੀਊਰੀ ਜਦੋਂ ਤੀਕ ਦੋਵੇਂ ਚੀਜ਼ਾਂ ਇਨ੍ਹਾਂ ਨੌਜਵਾਨ ਬਚੀਆਂ ਬਚਿਆਂ ਨੂੰ ਆਪਣੇ ਮਾਤਾ ਪਿਤਾ, ਅੰਕਲ ਆਂਟੀਆਂ, ਸਭਾ ਸੁਸਾਇਟੀਆਂ ਤੇ ਮੋਢੀਆਂ, ਪ੍ਰਧਾਨਾਂ ਅਤੇ ਸਿਖ ਸਮਾਜ ਵਿਚ ਪ੍ਰੈਕਟੀਕਲੀ ਨਹੀਂ ਲਭੇਗੀ, ਇਨ੍ਹਾਂ ਦੇ ਪੈਰ ਜ਼ਰੂਰ ਥਿੜਕ ਜਾਣਗੇ। ਇਸ ਸਾਰੇ ਕਾਸੇ ਦੇ ਜ਼ਿਮੇਵਾਰ ਵੀ ਅਸੀਂ ਹੀ ਹੋਵਾਂਗੇ, ਕਿਉਂਕਿ ਵੱਡਾ ਬੱਚਾ ਇਸ ਉਮਰ ਵਿਚ, ਫਿਰ ਇਸ ਐਟਮ ਦੇ ਯੁਗ ਵਿਚ ਬੜੀ ਫੁਰਤੀ ਨਾਲ ਸਾਥੋਂ ਬਹੁਤ ਕੁਝ ਵਧੀਕ ਸੋਚ ਤੇ ਭਾਂਪ ਸਕਣ ਦੀ ਸ਼ਕਤੀ ਰਖਦਾ ਪਿਆ ਹੈ। ਜਿਸ ਚੀਜ਼ ਨੂੰ, ਗੱਲ ਨੂੰ ਅਸੀਂ ਅਨਹੋਣੀ ਸਮਝਦੇ ਹਾਂ, ਅਜ ਦਾ ਬੱਚਾ ਉਹ ਕਰ ਸਕਣ ਦੀ ਸਮਰਥਾ ਰਖਦਾ ਹੈ। ਇਸੀ ਪ੍ਰਕਾਰ ਦੂਜੇ ਨੂੰ ਭਾਂਪਣ ਵਿਚ ਵੀ ਉਹ ਸਾਥੋਂ ਵਧੀਕ ਚਤੁੱਰ ਹੈਨ। ਸੋ ਉਨ੍ਹਾਂ ਦੇ ਤਜਰਬੇ ਵਿਚ ਆਈਆਂ ਇਹ ਗੱਲਾਂ ਵੀ ਸਾਡੇ ਹੁਣ ਸੋਚਣ ਤੇ ਵਧੀਕ ਧਿਆਨ ਦੇਣ ਯੋਗ ਹੋ ਗਈਆਂ ਹੈਨ। ਜਦੋਂ ਤੀਕ ਸਾਡੇ ਜੀਵਨ, ਗੁਰਮਤਿ ਰਹਿਣੀ ਬਹਿਣੀ ਸਹਿਣੀ ਅਨੁਕੂਲ ਨਹੀਂ ਹੁੰਦੇ ਅਸੀਂ 'ਸਿਖੀ ਸਿਖਿਆ ਗੁਰ ਵਿਚਾਰਿ' ਅਨੁਸਾਰ ਨਹੀਂ ਆਪਣੇ ਜੀਵਨ ਢਾਲਦੇ, ਸ਼ੁਭ ਕਰਮਨ ਭਰਪੂਰ ਜੀਵਨ ਨਹੀਂ ਜੀਉਂਦੇ, ਦਿਲੋਂ ਗੁਰਬਾਣੀ ਦਾ ਪਾਠ, ਕੀਰਤਨ ਸਮਝ ਤੇ ਵਿਚਾਰ ਨਾਲ ਨਹੀਂ ਕਰਦੇ, ਅੰਮ੍ਰਿਤ ਦੀ ਦਾਤ ਪ੍ਰਾਪਤ ਨਹੀਂ ਕਰਦੇ; ਸਹੀ ਸੰਤ ਸਿਪਾਹੀ ਵਾਲਾ ਗੁਰਸਿਖੀ ਜੀਵਨ ਨਹੀਂ ਅਪਣਾਂਦੇ; ਕਾਮ, ਕਰੋਧ, ਮੋਹ ਅਹੰਕਾਰ ਤੋਂ ਉਪਰ ਨਹੀਂ ਉਠਦੇ, ਸਾਡੇ ਬਚੇ ਸਾਨੂੰ ਸਿਖ ਰੂਪ ਵਿਚ ਵਡਿਤਣ ਨਹੀਂ ਦੇਣਗੇ। ਅਸਾਂ ਉਨ੍ਹਾਂ ਦੀ ਰਹਿਨੁਮਾਈ ਕੀ ਕਰਨੀ ਹੋਈ ? ਰਹਿਤ ਨਾਮਿਆਂ ਵਿਚ ਸਾਫ ਸ਼ਬਦਾਂ ਵਿਚ ਦਸਿਆ ਹੈ :—

"ਧਰੇ ਕੇਸ ਪਾਹੁਲ ਬਿਨਾਂ ਭੇਖੀ ਮੂਰਖ ਸਿਖ।
ਕਊਂ ਦਰਸ਼ਨ ਨਾਹਿ ਪਾਪੀ ਤਿਆਗੇ ਭਿਖ।"

ਸਾਡੇ ਉਪਰ ਇਹੀ ਘਟਨਾ ਵਾਪਰ ਰਹੀ ਹੈ। ਸਿਖ ਦੇ ਘਰ ਪੈਦਾ ਹੋ ਕੇ ਕੇਸਾਧਾਰੀ ਸਿਖ ਦਿਸਣ ਨੂੰ ਜ਼ਰੂਰ ਬਣ ਗਏ ਹਾਂ, ਪਰ ਪਾਹੁਲ ਤੋਂ ਬਿਨਾਂ ਕੇਸ ਇਕ ਭੇਖ ਹੀ ਤਾਂ ਬਣ ਕੇ ਰਹਿ ਗਏ ਹਨ। ਬਿਨਾਂ ਪਾਹੁਲ ਲੈਣ ਭਾਵ ਅੰਮ੍ਰਿਤ ਛਕਣ ਤੋਂ ਗੁਰੂ ਵਾਲੇ ਹੋ ਕੇ ਫਿਰ ਸ਼ਕਤੀ ਪ੍ਰਾਪਤ ਕਰਨ ਤੋਂ, ਕਿਸ ਤਰ੍ਹਾਂ ਸੰਭਵ ਹੋ ਸਕਦਾ ਹੈ ਕਿ ਇਹ ਜੀਵਨ ਭਗਤੀ ਸਾਡੇ ਰੋਮ ਰੋਮ ਵਿਚ ਸਿਖੀ ਚੁੰਬਕ ਪ੍ਰਗਟ ਕਰੇ, ਆਪਣੇ ਆਲੇ-ਦੁਆਲੇ, ਘਰਾਂ ਪ੍ਰਵਾਰਾਂ ਵਿਚ ਨਜ਼ਰ ਮਾਰੀਏ ਕਿ ਉਪਰਲੇ ਹੁਕਮ ਅਨੁਸਾਰ ਕਿੰਨੇ ਕੁ ਪੂਰਨ ਤੌਰ ਤੇ ਸਿਖ ਹੈਨ, ਖਾਲਸਾ ਹੈਨ, 'ਪੂਰਨ ਜੋਤ ਜਗੈ ਘਟ ਮੈ ਤਬ ਖਾਲਸ ਤਾਹਿ ਨਿਖਾਲਸ ਜਾਨੈ' ਬਹੁਤ ਕੁਝ ਸਾਨੂੰ ਆਪੇ ਕਰਨ ਦੀ ਲੋੜ ਹੈ, ਪਹਿਲਾਂ ਇਸ ਮੁਬਾਰਕ ਸਿੰਘ-ਸਭਾ ਸ਼ਤਾਬਦੀ ਸਾਲ ਵਿਚ ਅਸਾਂ ਵਡਿਆਂ ਵੀਰਾਂ ਤੇ ਭੈਣਾਂ ਨੇ ਵੀ ਕੁਝ ਕਰ ਗੁਜ਼ਰਨਾ ਹੈ, ਆਪਣੇ ਨਾਲ ਅਜ ਦੇ ਮੰਨੇ ਸਿਖ ਬਚਿਆਂ ਲਈ ਪੁਰਜ਼ੋਰ ਉਦਮ ਕਰਨਾ ਹੈ ਜਿਨ੍ਹਾਂ ਨੇ ਕਲ ਦਾ ਸਰਦਾਰ ਸਿੰਘ ਤੇ ਫਿਰ ਖਾਲਸਾ ਬਣਨਾ ਹੋਵੇਗਾ, ਇਕ ਇਕ ਤੋਂ ਸਵਾ ਲਖ ਤੇ ਫਿਰ ਖਾਲਸਾ ਕੌਮ ਨੇ ਪ੍ਰਗਟ ਹੋ ਕੇ ਰਹਿਣਾ ਹੈ, ਜਿਸਨੂੰ ਗੁਰੂ ਦਸਮੇਸ਼ ਨੇ ਵਰ ਦਿਤੇ ਸੀ :—

"ਇਨ ਹੀ ਕੋ ਸਰਦਾਰ ਬਨਾਉਂ
ਤਬਹਿ ਗੋਬਿੰਦ ਸਿੰਘ ਨਾਮ ਕਹਾਉ।" ਅਤੇ

"ਇਨਹੀ ਕੀ ਕਿਰਪਾ ਕੇ ਸਜੇ ਹਮ ਹੈ
ਨਹੀਂ ਮੋ ਸੋ ਗ੍ਰੀਬ ਕਰੋਰ ਪਰੇ।" ਫਿਰ

"ਖਾਲਸਾ ਮੇਰੋ ਰੂਪ ਹੈ ਖਾਸ,
ਖਾਲਸੇ ਮੈ ਹਉ ਕਰਉ ਨਿਵਾਸ।

ਉਸੀ ਗੁਰੂ ਖਾਲਸੇ ਦੇ ਬਚਿਆਂ ਦੀ ਰੂਪ ਰੇਖਾ ਅਜ ਕੈਸੀ

[ਬਾਕੀ ਦੇਖੋ ਸਫ਼ਾ ੩੦ ਦੇ ਹੇਠਾਂ

www.AKJ.Org

# ਸਿੱਖ ਤੇ ਅਮਰੀਕੀ ਫ਼ੌਜ



[ ਪਰਾਈਵੇਟ ਵਾਲਟਰ ਮੈਕਨੇਅਰ ]

ਅਮਰੀਕਾ ਦੀ ਇਕ ਫ਼ੌਜੀ ਅਦਾਲਤ ਨੇ ਪਿਛੇ ਜਿਹੇ ਇਕ ਅਮਰੀਕੀ ਫ਼ੌਜੀ ਨੂੰ ਵਰਦੀ ਪਾ ਕੇ ਡਿਊਟੀ ਦੇਂਦਿਆਂ, ਸਿੱਖ ਧਰਮ ਦੀ ਪਾਲਣਾ ਕਰਨ ਦੇ ਦੋਸ਼ ਤੋਂ ਬਰੀ ਕਰ ਦਿਤਾ ਹੈ । ਇਸ ਦੇ ਫਲ-ਸਰੂਪ ਕੀ ਹੁਣ ਅਮਰੀਕੀ ਫ਼ੌਜ ਸਿੱਖ ਸੈਨਕਾਂ ਨੂੰ ਪਗਾਂ ਸਪਲਾਈ ਕਰਨ ਦੀ ਵਿਵਸਥਾ ਕਰੇਗੀ?ਇਹ ਕਲਪਨਾ ਸਵਾਲ ਜ਼ਰੂਰ ਹੈ ਪਰ ਅਢੁਕਵਾਂ ਨਹੀਂ । ਇਹ ਕਲਪਨਾ ਹੈ ਕਿਉਂਜੁ ਅਜੇ ਅਮਰੀਕੀ ਸੈਨਾ ਵਿਚ ਕੋਈ ਬਹੁਤੇ ਸਿੱਖ ਨਹੀਂ । ਪਰ ਇਹ ਅਢੁਕਵਾਂ ਨਹੀਂ ਕਿਉਂਜੁ ਅਮਰੀਕਾ ਦਾ ਉਦੇਸ਼ ਭਵਿਖ ਵਿਚ ਨਿਰੋਲ ਵਾਲੰਟੀਅਰ ਫ਼ੌਜ ਬਣਾਉਣ ਦਾ ਹੈ ਅਤੇ ਕੌਣ ਕਹਿ ਸਕਦਾ ਹੈ ਕਿ ਅਮਰੀਕਾ ਵਿਚ ਵਸਦੇ ਕਿੰਨੇ ਸਿਖ ਕਲ੍ਹ ਨੂੰ ਅਮਰੀਕੀ ਫ਼ੌਜ ਵਿਚ ਭਰਤੀ ਹੋ ਜਾਣਗੇ ।

ਅਮਰੀਕੀ ਸੰਵਿਧਾਨ ਅਨੁਸਾਰ ਸਾਰੇ ਨਾਗਰਿਕਾਂ ਨੂੰ ਧਰਮ ਦੀ ਅਜ਼ਾਦੀ ਹੈ ਤੇ ਅਮਰੀਕੀ ਸੈਨਾ ਦਾ ਧਰਮ ਦੀ ਅਜ਼ਾਦੀ ਬਾਰੇ ਰਵੱਈਆ ਕਦੇ ਵਖਰਾ ਨਹੀਂ ਰਿਹਾ। ਪਰ ਬੀਤੇ ਦੋ ਸੌ ਵਰ੍ਹਿਆਂ ਦੇ ਦੌਰਾਨ (ਅਮਰੀਕਾ ੧੯੭੬ ਵਿਚ ਆਪਣੀ ਦੂਜੀ ਸ਼ਤਾਬਦੀ ਮਨਾ ਰਿਹਾ ਹੈ) ਕੋਈ ਐਸਾ ਅਵਸਰ ਹੀ ਨਹੀਂ ਬਣਿਆ ਕਿ ਅਮਰੀਕੀ ਫ਼ੌਜ ਵਿਚ ਪਗੜੀ ਬੰਨ੍ਹਣ ਜਾਂ ਕੇਸ ਰਖਣ ਦਾ ਸਵਾਲ ਉਠਿਆ ਹੋਵੇ । ਕਾਰਨ ਸਪੱਸ਼ਟ ਹੈ ਕਿ ਇਹ ਰਹਿਤ ਕੇਵਲ ਸਿੱਖੀ ਅਸੂਲਾਂ ਵਿਚ ਸ਼ਾਮਲ ਹੈ ਤੇ ਸ਼ਾਇਦ ਕਦੇ ਕਿਸੇ ਅਮਰੀਕੀ ਨਾਗਰਿਕ ਨੇ ਫ਼ੌਜ ਵਿਚ ਭਰਤੀ ਹੋਣ ਸਮੇਂ ਆਪਣਾ ਧਰਮ ਸਿੱਖ ਨਹੀਂ ਦਸਿਆ ।

ਇਹ ਮਾਮਲਾ—ਮੈਕਨੇਅਰ ਕੇਸ—ਜਿਸ ਦਾ ਪਿਛੇ ਜਿਹੇ ਹੀ ਫ਼ੈਸਲਾ ਹੋਇਆ ਹੈ, ਆਪਣੇ ਨਾਲ ਦਾ ਤੀਜਾ ਸੀ। ਇਸ ਤੋਂ ਪਹਿਲੇ ਦੋ ਕੇਸ ਵੀ ਪਿਛਲੇ ਕੁਝ ਮਹੀਨਿਆਂ ਦੀ ਹੀ ਗੱਲ ਹਨ ।

ਪਰਾਈਵੇਟ ਵਾਲਟਰ ਮੈਕਨੇਅਰ 'ਤੇ ਪਗੜੀ ਬੰਨ੍ਹਣ, ਲੰਮੇ ਕੇਸ ਅਤੇ ਦਾੜ੍ਹੀ ਰਖਣ ਸਦਕਾ ਮੁਕੱਦਮਾ ਚਲਾਇਆ ਗਿਆ ਸੀ । ਇਨ੍ਹਾਂ ਕਾਰਨਾਂ ਸਦਕਾ ਉਸ ਦਾ ਕੈਦ ਹੋਣਾ ਅਤੇ ਫ਼ੌਜ ਵਿਚੋਂ ਕਢੇ ਜਾਣਾ ਸੰਭਵ ਸੀ । ਪਗੜੀ ਬੰਨ੍ਹਣਾ ਅਤੇ ਕੇਸ ਦਾੜ੍ਹੀ ਰਖਣਾ ਉਸ ਦੇ ਧਰਮ ਅਨੁਸਾਰ ਸਨ, ਪਰ ਫ਼ੌਜੀ ਨਿਯਮਾਂ ਦੇ ਅਨੁਕੂਲ ਨਹੀਂ ।

ਇਸ ਤੋਂ ਥੋੜਾ ਹੀ ਸਮਾਂ ਪਹਿਲਾਂ ਦੋ ਅਮਰੀਕੀ ਫ਼ੌਜੀਆਂ ਨੂੰ, ਜਿਨ੍ਹਾਂ ਨੇ ਨਵਾਂ ਨਵਾਂ ਸਿਖ ਧਰਮ ਗ੍ਰਹਿਣ

---

ਸਫ਼ਾ ੨੯ ਦੀ ਬਾਕੀ]

ਹੋ ਰਹੀ ਹੈ ? ਭਲਾ ਕਿਸੀ ਵੀ ਗੁਰੂ ਹਜ਼ੂਰੀ ਵਿਚ ਬੈਠੇ ਮਾਤਾ ਪਿਤਾ, ਬਜ਼ੁਰਗ, ਸਿਆਣੇ ਜਾਂ ਫਿਰ ਗ੍ਰੰਥੀ ਸਾਹਿਬ ਜੀ ਦੀ ਨਜ਼ਰ ਪੈਂਦੀ ਹੈ ? ਜੇ ਪੈਂਦੀ ਹੈ ਤਾਂ ਹਿਰਦਾ ਦੁਖਿਤ ਕਿਉਂ ਨਹੀਂ ਹੁੰਦਾ ਪਿਆ ? ਸ਼ੇਰ ਦੇ ਬਚੇ ਸ਼ੇਰ ਵਾਕਰ ਹੀ ਸਭ ਕੁਝ ਕਰਦੇ ਤੇ ਰਹਿੰਦੇ ਸਹਿੰਦੇ ਹੈਨ, ਨਾ ਕਿ ਭੇਡੀਏ ਜਾਂ ਗਿਦੜ ਦੇ ਤੌਰ ਤ੍ਰੀਕੇ ਚਾਲ ਦੀ ਨਕਲ ਕਰਦੇ ਹੈਨ । ਖਾਲਸਾ ਕੌਮ ਦੇ ਸ਼ੇਰ ਬੱਚੇ ਲਾਲਾਂ ਦੀ ਤਰ੍ਹਾਂ ਸੰਵਾਰੇ ਸ਼ਿੰਗਾਰੇ ਹੋਏ ਹਰ ਧਾਰਮਿਕ ਦੀਵਾਨ ਵਿਚ ਲਭਣ ।

['ਖ਼ਾਲਸਾ ਸਮਾਚਾਰ' ੩੧-੧-੭੪



www.AKJ.Org

ਕੀਤਾ ਸੀ, ਤਿੰਨ ਮਹੀਨੇ ਦੀ ਕੈਦ ਬਾਮੁਸ਼ੱਕਤ ਅਤੇ ਫ਼ੌਜ ਵਿਚੋਂ ਕਢੇ ਜਾਣ ਦਾ ਦੰਡ ਦਿਤਾ ਗਿਆ ਸੀ। ਅਮਰੀਕੀ ਜਲ-ਸੈਨਾ ਦੇ ਇਕ ਹਵਾਬਾਜ਼ ਦਾ ਰੈਂਕ ਘਟਾ ਕੇ ਉਸ ਨੂੰ ਸੈਨਾ ਵਿਚੋਂ ਖ਼ਾਰਜ ਕਰ ਦਿਤਾ ਗਿਆ ਸੀ। ਲੈਫ਼ਟੀਨੈਂਟ ਕਰਨਲ ਰਾਬਰਟ ਵ. ਮੌਰੀਸਨ ਦੀ ਅਧਯਖਸ਼ਤਾ ਹੇਠ ਇਕ ਵਿਸ਼ੇਸ਼ ਫ਼ੌਜੀ ਅਦਾਲਤ ਵਿਚ ਕਈ ਘੰਟਿਆਂ ਦੀਆਂ ਕਾਨੂੰਨੀ ਦਲੀਲਾਂ ਮਗਰੋਂ ਪਰਾਈਵੇਟ ਮੈਕਨੇਅਰ ਨੂੰ ਵੀ ਇਸੇ ਹੀ ਸਿੱਟੇ ਦੀ ਉਮੀਦ ਸੀ।

ਮੈਕਨੇਅਰ ਸਿਆਲੇ ਦੀ ਹਰੀ ਵਰਦੀ ਪਾਈ, ਚਿਟੀ ਪਗੜੀ ਬੰਨ੍ਹੀ ਤੇ ਖੁਲ੍ਹੀ ਕਕੀ ਦਾੜ੍ਹੀ ਨਾਲ ਜੱਜ ਦੇ ਸਾਹਮਣੇ ਪ੍ਰਸੰਨ ਖੜਾ ਸੀ। ਜੱਜ ਮੌਰੀਸਨ ਦਾ ਹੁਕਮ ਸੰਖੇਪ ਸੀ, ਪਰ ਨੌਜਵਾਨ ਸੈਨਕ ਲਈ ਬੜਾ ਹੀ ਮਿਠਾ: **"ਤੈਨੂੰ ਇਹ ਸੂਚਿਤ ਕਰਨਾ ਮੇਰਾ ਕਰਤੱਵ ਹੈ ਕਿ ਅਦਾਲਤ ਤੈਨੂੰ ਬੇਗੁਨਾਹ ਸਮਝਦੀ ਹੈ।"** ਫ਼ੈਸਲੇ ਮਗਰੋਂ ਮੈਕਨੇਅਰ ਨੇ ਦਸਿਆ, ਮੈਂ ਆਪਣੇ ਆਪ ਨੂੰ ਦੋਸ਼ੀ ਠਹਿਰਾਏ ਜਾਣ ਲਈ ਤਿਆਰ ਕਰ ਰਿਹਾ ਸਾਂ, ਪਰ ਜਦ ਜੱਜ ਨੇ 'ਬੇਗੁਨਾਹ' ਹੋਣ ਦਾ ਐਲਾਨ ਕੀਤਾ ਤਾਂ ਮੈਂ ਹੱਕਾ-ਬੱਕਾ ਰਹਿ ਗਿਆ।

ਮੈਕਨੇਅਰ ਦੇ ਮੁਕੱਦਮੇ ਦੀ ਪੈਰਵੀ ਫ਼ੋਰਟਮਾਊਥ ਲੀਗਲ ਸਰਵਿਸ ਪ੍ਰੋਗਰਾਮ ਦੇ ਕੈਪਟਨ ਰਿਚਰਡ ਸੀ. ਬੈਂਟਲੇ ਨੇ ਕੀਤੀ; ਅਤੇ ਮੈਕਨੇਅਰ ਦੇ ਕਹਿਣ ਅਨੁਸਾਰ ਉਹ ਵੀ "ਬਹੁਤ ਹੈਰਾਨ ਹੋਇਆ ਅਤੇ ਬੇਹੱਦ ਖ਼ੁਸ਼ ਸੀ।"......ਮੈਨੂੰ ਉਮੀਦ ਹੈ ਕਿ ਇਹ ਫ਼ੈਸਲਾ ਆਰਮੀ ਕਮਾਂਡ ਦੇ ਉਚ ਅਧਿਕਾਰੀਆਂ ਨੂੰ ਕੁਝ ਦਸੇਗਾ। ਉਨ੍ਹਾਂ ਨੂੰ ਚਾਹੀਦਾ ਹੈ ਕਿ ਜਿਨ੍ਹਾਂ ਨੇ ਫ਼ੌਜ ਵਿਚ ਭਰਤੀ ਹੋਣ ਮਗਰੋਂ ਸਿਖ ਧਰਮ ਗ੍ਰਹਿਣ ਕੀਤਾ ਹੈ ਉਨ੍ਹਾਂ ਨੂੰ ਕੇਸ ਰਖਣ ਅਤੇ ਪਗੜੀ ਬੰਨ੍ਹਣ ਦੀ ਆਗਿਆ ਦੇਣ।

ਕੈਪਟਨ ਬੈਂਟਲੇ ਨੇ ਦਸਿਆ, "ਦਲੀਲ ਦਾ ਅਧਾਰ ਮੁਖ ਰਖ ਕੇ ੧੭੮੭ ਵਿਚ ਹੋਈ ਅਮਰੀਕੀ ਸੰਵਿਧਾਨ ਵਿਚ ਪਹਿਲੀ ਤਰਮੀਮ ਸੀ। ਇਹ ਤਰਮੀਮ ਉਨ੍ਹਾਂ ਦਸਾਂ ਵਿਚੋਂ ਇਕ ਹੈ ਜਿਨ੍ਹਾਂ ਦੀ ੧੭੯੧ ਵਿਚ ਹੋਈ ਅਤੇ ਜਿਨ੍ਹਾਂ ਨੂੰ ਸਮੂਹਕ ਤੌਰ ਤੇ—'ਅਧਿਕਾਰ ਪਤਰ' ਕਿਹਾ ਜਾਂਦਾ ਹੈ। ਇਹ ਤਰਮੀਮ ਇਸ ਪ੍ਰਕਾਰ ਹੈ: ਕਾਂਗਰਸ ਕਿਸੇ ਧਰਮ ਦੀ ਸਥਾਪਨਾ ਜਾਂ ਉਸ ਦੀ ਆਜ਼ਾਦੀ ਨਾਲ ਪਾਲਣਾ ਬਾਰੇ ਕੋਈ ਕਾਨੂੰਨ ਨਹੀਂ ਬਣਾਏਗੀ।"

"ਸਾਡੀ ਦਲੀਲ ਸੀ ਕਿ ਪ੍ਰਾਈਵੇਟ ਮੈਕਨੇਅਰ ਵਿਰੁੱਧ ਦੋਸ਼ ਉਸ ਦੇ ਆਪਣੇ ਧਾਰਮਿਕ ਨਿਸਚਿਆਂ ਦੀ ਆਜ਼ਾਦੀ ਨਾਲ ਪਾਲਣਾ ਦੇ ਬੁਨਿਆਦੀ ਅਧਿਕਾਰ ਦੀ ਉਲੰਘਣਾ ਹਨ!"

ਪ੍ਰਾਈਵੇਟ ਮੈਕਨੇਅਰ ਦੇ ਬਰੀ ਹੋਣ 'ਤੇ ਸਿਖ-ਜਗਤ ਵਿਚ ਖ਼ੁਸ਼ੀ ਦੀ ਲਹਿਰ ਦੌੜ ਚੁਕੀ ਹੈ, ਜੋ ਇਸ ਕੇਸ ਨੂੰ ਬੜੀ ਦਿਲਚਸਪੀ ਨਾਲ ਵਾਚ ਰਿਹਾ ਸੀ। ਸਿਖ ਧਰਮ ਦੇ ਉਪਾਸ਼ਕਾਂ ਨੂੰ ਅਮਰੀਕਾ ਵਿਚ ਸਦਾ ਹੀ ਧਰਮ ਦੀ ਅਜ਼ਾਦੀ ਰਹੀ ਹੈ ਅਤੇ ਯਕੀਨੀ ਤੌਰ 'ਤੇ ਹੁਣ ਅਮਰੀਕੀ ਫ਼ੌਜਾਂ ਵਿਚ ਵੀ ਹੋਵੇਗੀ।"

['ਨਤੀਜਾ' ਜਲੰਧਰ, ੪-੨-੭੪

# ਸੰਗਤਾਂ ਟਪਲੇ ਤੋਂ ਬਚਣ

ਕਈ ਸਜਣਾਂ ਨੂੰ ਇਹ ਭੁਲੇਖਾ ਹੈ ਕਿ ਸਰਬ-ਹਿੰਦ ਅਖੰਡ ਕੀਰਤਨੀ ਜੱਥੇ ਦੇ ਦੋ ਮਾਸਕ ਪੱਤਰ ਹਨ। ਇਸ ਭੁਲੇਖੇ ਨੂੰ ਸਪੱਸ਼ਟ ਕਰਨ ਲਈ ਦਿਲੀ ਵਿਖੇ ਸਾਲਾਨਾ ਸਮਾਗਮ ਸਮੇਂ ੫ ਅਕਤੂਬਰ ੧੯੭੩ ਨੂੰ ਸਰਬ-ਹਿੰਦ ਅਖੰਡ ਕੀਰਤਨੀ ਜੱਥੇ ਦੀ ਕਾਰਜ-ਸਾਧਕ ਕਮੇਟੀ ਦੀ ਮੀਟਿੰਗ ਵਿਚ ਇਸ ਬਾਰੇ ਵੀਚਾਰ ਹੋਈ ਕਿ ਸਮੂਹ ਸੰਗਤਾਂ ਨੂੰ ਵਿਦਤ ਕਰ ਦਿਤਾ ਜਾਵੇ ਕਿ ਇਸ ਜੱਥੇ ਦਾ ਇਕੋ ਇਕ ਮਾਸਕ ਪੱਤਰ 'ਸੂਰਾ' ਹੈ। ਇਸ ਮੀਟਿੰਗ ਦੀ ਸਾਰੀ ਕਾਰਵਾਈ ਨਵੰਬਰ ੧੯੭੩ ਦੇ 'ਸੂਰਾ' ਵਿਚ ਛਾਪ ਦਿਤੀ ਗਈ ਸੀ।

**'ਬਲਿਓ ਚਰਾਗ' ਸਰਬ-ਹਿੰਦ ਅਖੰਡ ਕੀਰਤਨੀ ਜੱਥੇ ਦਾ ਪਰਚਾ ਨਹੀਂ ਹੈ, ਅਤੇ ਨਾ ਹੀ ਜੱਥੇ** ਨਾਲ ਉਸ ਦਾ ਕੋਈ ਸੰਬੰਧ ਹੈ।

www.AKJ.Org

# ਕਰਾਮਾਤ

[ ਵਲੋਂ—ਪ੍ਰੋਫ਼ੈਸਰ ਸਾਹਿਬ ਸਿੰਘ ਜੀ ਡੀ. ਲਿਟ. ]

ਇਨਸਾਨ ਦੇ ਅੰਦਰ ਰੱਬੀ ਜੋਤਿ ਹੈ, ਇਸ ਦੇ ਾਸ ਅਮਿੱਤ ਤਾਕਤ ਦਾ ਖ਼ਜ਼ਾਨਾ ਹੈ; ਪਰ ਇਨਸਾਨੀ ਨ ਦੀਆਂ ਸੁਰਤਿ ਦੀਆਂ ਕਿਰਨਾਂ ਸਦਾ ਖਿੰਡੀਆਂ ਹਿੰਦੀਆਂ ਹਨ, ਸਾਰਾ ਦਿਨ ਇਹ ਛੋਟੇ ਬਾਲਾਂ ਵਾਂਗ ਇਕ-ਪਦਾਰਥਾਂ ਰੂਪ ਸੁੰਦਰ ਤਿਤਲੀਆਂ ਦੇ ਪਿਛੇ ੜਿਆ ਫਿਰਦਾ ਹੈ, ਇਸ ਵਾਸਤੇ ਮਨ ਕਮਜ਼ੋਰ ਰਹਿੰਦਾ , ਥੋੜੀ ਥੋੜੀ ਔਕੜ ਤੇ ਭੀ ਘਾਬਰਦਾ ਹੈ, ਸਹਿਮਿਆ ਹਾ ਰਹਿੰਦਾ ਹੈ। ਪਰ, ਜਿਨ੍ਹਾਂ ਵਿਰਲੇ ਵਡ-ਭਾਗੀਆਂ ਇਹ ਸਾਰ ਆਉਂਦੀ ਹੈ ਕਿ ਅੰਦਰ ਸੂਰਜ ਹੁੰਦਿਆਂ ਉਂ ਠਰੂੰ ਨਰੂੰ ਕਰਦੇ ਫਿਰਦੇ ਹਾਂ, ਉਹ ਮਨ-ਸੂਰਜ ਆਂ ਕਿਰਨਾਂ ਨੂੰ ਸਾਂਭਦੇ ਹਨ, ਥਾਂ ਥਾਂ ਨਹੀਂ ਭਟਕਦੇ, ਰਤਿ ਨੂੰ ਇਕ ਟਿਕਾਣੇ ਤੇ ਲਿਆਉਂਦੇ ਹਨ । ਸਿਟਾ । ਨਿਕਲਦਾ ਹੈ ? ਆਤਮਕ ਤੇ ਮਾਨਸਿਕ ਬਲ ਧਦਾ ਹੈ,ਉਨ੍ਹਾਂ ਦੇ ਚਿਹਰੇ ਦਾ ਤੇਜ ਝੱਲਿਆ ਨਹੀਂ ਜਾਂਦਾ; ਧਰ ਨਿਗਾਹ ਕਰਦੇ ਹਨ, ਉਸ ਮਾਇਆ ਨੂੰ, ਜਿਸ ਪਿਛੇ ਨਿਤਾਣੀ ਦੁਨੀਆ ਤਰਲੇ ਲੈਂਦੀ ਦੌੜੀ ਫਿਰਦੀ ਆਪਣੇ ਹੁਕਮ ਵਿਚ ਤੋਰਦੇ ਹਨ । ਆਮ ਲੋਕਾਂ ਦਾ ਨ ਖਿੰਡਾਉ ਵਿਚ ਆ ਕੇ, ਕਮਜ਼ੋਰ ਹੋ ਕੇ, ਹਰ ਕਿਸਮ ਰੋਗ ਸਹੇੜੀ ਜਾਂਦਾ ਹੈ, ਪਰ ਇਹ ਬਲਵਾਨ ਜੋਧੇ ਨ੍ਹਾਂ ਦੇ ਰੋਗਾਂ ਨੂੰ ਆਪਣੀ ਇਕ ਤੇਜ਼ ਨਿਗਾਹ ਨਾਲ ਸ਼ਮ ਕਰ ਦਿੰਦੇ ਹਨ । ਲੋਕਾਂ ਦੇ ਭਾਣੇ ਇਹ ਰਾਮਾਤ ਹੈ।

ਕੀ ਅਜਿਹੀ ਤਾਕਤ ਹਾਸਲ ਕਰਨੀ ਕੋਈ ਅਸੰਭਵ ਤ ਹੈ ? ਨਹੀਂ। ਅੱਜ ਕਲ੍ਹ ਦੇ ਸਮੇਂ ਵਿਚ ਹੀ ਤੱਕੋ ! ਸਮਿਰਿਜ਼ਮ, ਹਿਪਨਾਟਿਜ਼ਮ ਅਤੇ ਹਮਜ਼ਾਦ ਆਦਿਕ ਸੇ ਅਭਿਆਸ ਹਨ, ਜਿਨ੍ਹਾਂ ਦੀ ਸਹਾਇਤਾ ਨਾਲ ਲੋਕ ਜਿਹੇ ਕੰਮ ਕਰ ਵਿਖਾਉਂਦੇ ਹਨ, ਜੋ ਆਮ ਬੰਦਿਆਂ ਸਤੇ ਕਰਾਮਾਤ ਹਨ। ਕਈ ਅਸਾਧ ਰੋਗ ਰਾਜ਼ੀ ਕੀਤੇ ਦੇ ਹਨ। ਪਰ ਇਹ ਮੈਸਮਿਰਿਜ਼ਮ ਕੀ ਹੈ ? ਬੱਸ, ਨ ਦੀ ਖਿੰਡੀ ਹੋਈ ਸੁਰਤਿ ਨੂੰ ਇਕੱਠਾ ਕਰਨਾ । ਸਮਿਰਿਜ਼ਮ ਵਿਚ ਸਫਲਤਾ ਹਾਸਲ ਕਰਨ ਵਾਸਤੇ ਕਈ ਸਾਧਨ ਕਰਨੇ ਪੈਂਦੇ ਹਨ, ਮਹੀਨਿਆਂ-ਬੱਧੀ, ਸਾਲਾਂ-ਬੱਧੀ; ਪਰ ਸਭ ਤੋਂ ਜ਼ਰੂਰੀ ਹੈ ਏਕਾਂਤ ਸਮਾਂ, ਏਕਾਂਤ ਥਾਂ ਤੇ ਸਮੇਂ ਦੀ ਪਾਬੰਦੀ । ਰੋਜ਼ ਇਕ ਖ਼ਾਸ ਮਿਥੇ ਸਮੇਂ ਤੇ, ਜਦੋਂ ਚਾਰ ਚੁਫੇਰੇ ਕੁਦਰਤਿ ਅਡੋਲ ਤੇ ਸ਼ਾਂਤ ਹੋਵੇ, ਨਿਗਾਹ ਦੀ ਸਹਾਇਤਾ ਨਾਲ ਮਨ ਨੂੰ ਇਕ ਨਿਸ਼ਾਨੇ ਤੇ ਲਿਆਉਣ ਦਾ ਜਤਨ ਕਰੀਦਾ ਹੈ, ਜਿਉਂ ਜਿਉਂ ਪਹਿਲੇ ਸਾਧਨਾਂ ਵਿਚ ਕਾਮਯਾਬੀ ਹੁੰਦੀ ਹੈ, ਤਿਉਂ ਤਿਉਂ ਔਖੇ ਸਾਧਨਾਂ ਦਾ ਅਭਿਆਸ ਕਰੀਦਾ ਹੈ । ਇਨ੍ਹਾਂ ਸਾਧਨਾਂ ਦੇ ਨਾਲ ਕਈ ਜੀਵਨ-ਬੰਧੇਜ ਭੀ ਹੁੰਦੇ ਹਨ ।

ਅਕਾਲ ਪੁਰਖ ਦੀ ਬੰਦਗੀ ਭੀ ਵਧੇ ਮਨ ਦੀਆਂ ਮਾਰਾਂ ਨੂੰ ਰੋਕਣ ਦਾ ਸਾਧਨ ਹੈ, ਅਸ਼ਾਂਤੀ ਪੈਦਾ ਕਰਨ ਵਾਲੀ ਦੌੜ-ਭੱਜ ਨੂੰ ਥੰਮ੍ਹਣ ਦਾ ਵਸੀਲਾ ਹੈ, ਮੇਰ-ਤੇਰ ਪੈਦਾ ਕਰਨ ਵਾਲੀ ਵਿਥ ਨੂੰ ਮਿਟਾਣ ਦਾ ਤਰੀਕਾ ਹੈ, ਖਿੰਡੀ ਹੋਈ ਸੁਰਤਿ ਨੂੰ ਦਰ ਦਰ ਭਟਕਣੋਂ ਹਟਾ ਕੇ ਇਕ ਕਰਤੇ ਦੀ ਟੇਕ ਦੇ ਧੁਰੇ ਤੇ ਲਿਆਉਣ ਦਾ ਜ਼ਰੀਆ ਹੈ। ਜੋ ਇਹ ਰਸਤਾ ਪਕੜਦੇ ਹਨ, ਕੋਈ ਅਜਬ ਗੱਲ ਨਹੀਂ ਕਿ ਉਨ੍ਹਾਂ ਦੀ ਸੁਰਤਿ ਉੱਚੀ ਹੋਵੇ, ਉਨ੍ਹਾਂ ਦੇ ਮਨ ਦੀਆਂ ਕਿਰਨਾਂ ਨਫ਼ਸਾਨੀ ਖ਼ਾਹਸ਼ਾਂ ਵਲੋਂ ਸਿਮਟ ਕੇ ਇਕ ਪਿਆਰ-ਕੇਂਦਰ ਤੇ ਇਕੱਠੀਆਂ ਹੋਣ ਤੇ ਉਹ ਬਲੀ ਜੋਧੇ ਇਕ ਪਿਆਰ ਨਿਗਾਹ ਨਾਲ ਉਹ ਉਹ ਕੰਮ ਕਰ ਵਿਖਾਣ ਜੋ ਆਮ ਲੋਕਾਂ ਦੇ ਭਾਣੇ ਕਰਾਮਾਤ ਹੋਣ।

(੨)

## ਕੀ 'ਕਰਾਮਾਤਿ' ਸਾਧਾਰਨ ਕੁਦਰਤੀ ਨਿਯਮਾਂ ਨੂੰ ਉਲਟਾ ਦੇਂਦੀ ਹੈ ?

ਸਾਇੰਸ ਨੇ ਹੁਣ ਤਕ ਇਹ ਦਸਿਆ ਹੈ ਕਿ ਇਹ ਸਾਰਾ ਜਗਤ (Enargy) 'ਸ਼ਕਤੀ' ਤੋਂ ਬਣਿਆ ਹੈ, ਇਸ ਦਿਸਦੇ ਅਤੇ ਅਣ-ਦਿਸਦੇ ਜਗਤ ਨੂੰ ਖ਼ਾਸ ਲੀਹਾਂ ਵਿਚ ਤੋਰਨ ਵਾਸਤੇ ਖ਼ਾਸ ਨਿਯਮ ਹਨ, ਜੋ ਇਕ ਨਿੱਕੇ ਜਿਹੇ ਫੁੱਲ ਵਿਚ ਭੀ ਉਸੇ ਤਰ੍ਹਾਂ ਕੰਮ ਕਰ ਰਹੇ ਹਨ, ਜਿਵੇਂ ਸੂਰਜ ਚੰਦ ਆਦਿਕ ਗ੍ਰਹਿਆਂ ਵਿਚ । ਸਾਰੀ



www.AKJ.Org

ਕੁਦਰਤ ਇਨ੍ਹਾਂ ਨਿਯਮਾਂ ਦੇ ਅੰਦਰ ਇਕ-ਸੁਰ ਕਾਇਮ ਹੈ। ਮਨੁੱਖ ਨੇ ਮਿਹਨਤ ਕਰ ਕੇ ਕਈ ਨਿਯਮ ਲੱਭ ਲਏ ਹਨ, ਤੇ ਇਨ੍ਹਾਂ ਤੋਂ ਕਈ ਕਿਸਮ ਦੇ ਸੁਖ ਲੈ ਰਿਹਾ ਹੈ; ਪਰ, ਅਜੇ ਅਨੰਤ ਕੁਦਰਤਿ ਪਈ ਹੈ, ਇਸ ਦੀ ਡੂੰਘਾਈ ਅਥਾਹ ਹੈ, ਅਜੇ ਤਾਂ ਇਸ ਅਥਾਹ ਸਮੁੰਦਰ ਦੇ ਕੰਢੇ ਤੇ ਹੀ ਮਨੁੱਖ ਖੜਾ ਹੈ। ਜਿਥੇ ਸਾਧਾਰਨ ਸਮਝ ਵਾਲੇ ਬੰਦੇ ਨੂੰ ਕਿਸੇ ਇਕ ਕੁਦਰਤੀ ਨਿਯਮ ਦਾ ਕਿਤੇ ਉਲੰਘਣ ਜਾਪਦਾ ਹੈ, ਉਥੇ ਅਸਲ ਵਿਚ ਕੁਦਰਤਿ ਦਾ ਕੋਈ ਹੋਰ ਨਿਯਮ ਕੰਮ ਕਰ ਰਿਹਾ ਹੁੰਦਾ ਹੈ। ਡਾਕਟਰ ਦੀਆਂ ਦਵਾਈਆਂ ਨਾਲ ਕਿਸੇ ਰੋਗ ਦਾ ਰਾਜ਼ੀ ਹੋਣਾ ਉਤਨਾ ਹੀ ਕੁਦਰਤੀ ਹੈ ਜਿਤਨਾ ਕਿ ਕਿਸੇ ਮੈਸਮਿਰਿਜ਼ਮ-ਅਭਿਆਸੀ ਦੀ ਨਿਗਾਹ ਨਾਲ।

(੩)

## ਕੀ ਸਤਿਗੁਰੂ ਜੀ 'ਕਰਾਮਾਤ' ਵਿਖਾਣ ਦੇ ਵਿਰੁੱਧ ਸਨ ?

ਕਿਸੇ ਪਿੰਡ ਵਿਚ ਜੇ ਕੋਈ ਬੰਦਾ ਬਹੁਤੀਆਂ ਬਾਹਾਂ ਵਾਲਾ ਹੋ ਜਾਏ, ਜਾਂ ਬਹੁਤੇ ਧਨ ਮਿਲਖ ਵਾਲਾ ਹੋ ਜਾਏ ਤਾਂ ਕਈ ਵਾਰੀ ਇਹ ਦੇਖਣ ਵਿਚ ਆਉਂਦਾ ਹੈ ਕਿ ਉਹ ਆਂਢ-ਗੁਆਂਢ ਦੇ ਲੋਕਾਂ ਨੂੰ ਆਪਣੀ ਤਾਕਤ ਦੇ ਮਾਣ ਕਰਕੇ ਸੁਖੀ ਨਹੀਂ ਵੱਸਣ ਦੇਂਦਾ। ਕਵੀ ਤੁਲਸੀ ਦਾਸ ਨੇ ਰਾਮਾਇਣ ਵਿਚ ਲਿਖਿਆ ਹੈ —

ਐਸੋ ਕੋ ਜਨਮਯੋ ਜਗ ਮਾਹੀਂ।
ਪ੍ਰਭੁਤਾ ਪਾਇ ਜਾਸੁ ਮਦੁ ਨਾਹੀ।

ਬਾਹੂ-ਬਲ ਦਾ ਮਾਣ, ਧਨ ਮਿਲਖ ਦਾ ਅਹੰਕਾਰ, ਜਾਂ ਰਾਜ ਆਦਿਕ ਦੀ ਆਕੜ ਮਨੁੱਖ ਨੂੰ ਇਕ ਨਸ਼ੇ ਜਿਹੇ ਵਿਚ ਰਖਦੀ ਹੈ; ਜਿਵੇਂ ਨਸ਼ਈ ਮਨੁੱਖ ਸੁਰਤਿ-ਹੀਣਾ ਹੋ ਕੇ ਅਰਲ-ਬਰਲ ਬੋਲਦਾ ਹੈ ਤੇ ਕਮਜ਼ੋਰਾਂ ਉਤੇ ਵਾਰ ਕਰਨੋਂ ਸੰਗਦਾ ਨਹੀਂ, ਤਿਵੇਂ ਹੀ ਦੁਨੀਆ ਦੇ ਮਾਣ-ਮੱਤੇ ਦਾ ਹਾਲ ਹੈ।

ਮਨ ਦੀ ਇਕਾਗ੍ਰਤਾ ਦੀ ਰਾਹੀਂ ਹਾਸਲ ਕੀਤੀ ਹੋਈ ਮਾਨਸਿਕ ਤਾਕਤ ਭੀ ਮਨੁੱਖ ਨੂੰ ਅਹੰਕਾਰ ਵਿਚ ਲਿਆ ਸਕਦੀ ਹੈ। ਸੰਸਾਰ ਦੇ ਰੋਗੀ ਲੋੜਵੰਦ ਬੰਦੇ ਇਨ੍ਹਾਂ ਦੇ ਦਰ ਤੇ ਜਾਣੇ ਤਾਂ ਹੋਏ ਹੀ, ਆਪਣੀਆਂ ਤ੍ਰੁਟੀਆਂ ਦੇ ਕਾਰਨ ਇਨ੍ਹਾਂ ਨੇ ਬਲੀ ਮਨ ਵਾਲੇ ਮਨੁੱਖਾਂ ਦੀ ਸੇਵਾ ਭੀ ਕਰਨੀ ਹੀ ਹੋਈ। ਨਤੀਜਾ ਕੀ ਨਿਕਲਦਾ ਹੈ ? ਮਨ ਦੀ ਇਸ ਤਾਕਤ ਨੂੰ ਉਹ ਲੋਕ ਆਮ ਤੌਰ ਤੇ ਲੋਕਾਂ ਪਾਸੋਂ ਮਾਣ ਪੂਜਾ ਕਰਾਣ ਵਿਚ ਵਰਤਣ ਲੱਗ ਪੈਂਦੇ ਹਨ, ਤੇ ਜੇ ਕਿਤੇ ਕੋਈ ਇਨ੍ਹਾਂ ਅਗੇ ਅੜ ਖਲੋਏ ਤਾਂ ਉਸ ਉਤੇ ਇਨ੍ਹਾਂ ਦਾ ਨਾਰਾਜ਼ ਹੋ ਜਾਣਾ ਭੀ ਕੁਦਰਤੀ ਹੀ ਹੋਇਆ। ਸੋ, ਜੱਗ-ਬੀਤੀ ਵਿਚ ਇਹ ਗੱਲ ਆਮ ਤੌਰ ਤੇ ਵਾਪਰੀ ਮਿਲਦੀ ਹੈ ਕਿ ਬੰਦੇ ਰੱਬੀ ਰਾਹ ਤੇ ਤੁਰ ਕੇ ਮਨ ਦੀਆਂ ਰਿੱਧੀਆਂ ਸਿੱਧੀਆਂ ਤੇ ਕਰਾਮਾਤਾਂ ਉੱਤੇ ਹੀ ਅਟਕ ਖਲੋਤੇ, ਮਾਣ ਪੂਜਾ ਦੇ ਪੱਤਣ ਤੇ ਹੀ ਰੁਕ ਗਏ। ਉਹ ਅਸਲੀ ਇਨਸਾਨੀ ਆਦਰਸ਼ ਤੋਂ ਆਪ ਡਿੱਗ ਕੇ ਹੋਰਨਾਂ ਨੂੰ ਡੇਗਣ ਦੇ ਆਹਰੇ ਲੱਗ ਪਏ, ਕਿਉਂਕਿ ਆਦਰਸ਼ ਹੈ :—

ਭੈ ਕਾਹੂ ਕਉ ਦੇਤ ਨਹਿ, ਨਹਿ ਭੈ ਮਾਨਤ ਆਨ॥

ਜੋਗੀਆਂ ਸਿੱਧਾਂ ਤੇ ਸੂਫ਼ੀ ਫ਼ਕੀਰਾਂ ਪਾਸ ਗੁਰੂ ਨਾਨਕ ਦੇਵ ਜੀ ਉਚੇਚੇ ਓਥੇ ਓਥੇ ਅਪੜੇ, ਜਿਥੇ ਮਨ ਦੀ ਤਾਕਤ ਨੂੰ ਗ਼ਲਤ ਰਾਹੇ ਵਰਤ ਕੇ ਆਮ ਜਨਤਾ ਉੱਤੇ ਦਬਾਉ ਪਾਇਆ ਜਾ ਰਿਹਾ ਸੀ। ਪੀਰ ਹਮਜ਼ਾ ਗੌਂਸ ਚਲੀਹੇ ਵਿਚ ਬੈਠ ਕੇ ਸਾਰੇ ਸ਼ਹਿਰ ਸਿਆਲਕੋਟ ਨੂੰ ਗ਼ਰਕ ਕਰਨ ਦੀ ਤਿਆਰੀ ਕਰ ਰਿਹਾ ਸੀ। ਪੀਰ ਵਲੀ ਕੰਧਾਰੀ ਆਂਢ-ਗੁਆਂਢ ਦਾ ਕੁਦਰਤੀ ਜਲ ਸਮੇਟ ਕੇ ਉਨ੍ਹਾਂ ਬੰਦਿਆਂ ਨੂੰ ਇਸ ਰੱਬੀ ਦਾਤਿ ਤੋਂ ਵਾਂਜੇ ਰਖਣ ਦਾ ਜਤਨ ਕਰ ਰਿਹਾ ਸੀ, ਜੋ ਇਸ ਦੇ ਸੇਵਕ ਨਹੀਂ ਸਨ। ਨਗਰ 'ਡਿੰਗੇ' ਵਿਚ ਇਕ ਜੋਗੀ ਚਲੀਹੇ ਕੱਟ ਕੱਟ ਕੇ ਲੋਕਾਂ ਤੋਂ ਪੂਜਾ ਕਰਾ ਰਿਹਾ ਸੀ। ਭੇਰੇ ਵਿਚ 'ਸਹੁ ਸੋਹਾਗਣਿ' ਫ਼ਕੀਰ ਭੀ ਇਸੇ ਆਹਰੇ ਲੱਗਾ ਹੋਇਆ ਸੀ। ਤਦੋਂ ਦੇਸ ਵਿਚ ਹੋਰ ਕਈ ਐਸੇ ਜੋਗੀ ਤੇ ਫ਼ਕੀਰ ਸਨ ਜੋ ਬੰਦਗੀ ਦੇ ਰਾਹ ਵਿਚ ਅਟਕ ਕੇ ਲੋਕਾਂ ਨੂੰ 'ਨਾਟਕ ਚੇਟਕ' ਵਿਖਾਣ ਵਿਚ ਰੁੱਝ ਗਏ ਸਨ। ਇਹ ਦੋਹੀਂ ਧਿਰੀਂ ਨੁਕਸਾਨ ਹੋ ਰਿਹਾ ਸੀ। ਸੋ ਸਤਿਗੁਰੂ ਜੀ ਨੇ ਜਿਥੇ ਜੋਗੀਆਂ ਨੂੰ ਇਸ 'ਅੱਤ' ਤੋਂ ਰੋਕਿਆ ਉਥੇ ਆਮ ਲੋਕ ਨੂੰ ਭੀ ਰਾਹੇ ਪਾਇਆ ਕਿ ਜੋ ਮਾਰਨ ਰਖਣ ਤੇ ਪਾਲਣ ਵਾਲਾ ਇਕ ਸਿਰਜਣਹਾਰ ਹੈ ਉਸ ਦੇ ਚਰਨਾਂ ਵਿਚ ਜੁੜਨ ਦੀ ਲੋੜ ਹੈ, ਫਿਰ


www.AKJ.Org

ਦੁਨੀਆ ਦੀਆਂ ਅਜਿਹੀਆਂ ਤਾਕਤਾਂ ਆਪੇ ਪਿੱਛੇ ਲਗੀਆਂ ਫਿਰਦੀਆਂ ਹਨ।

(੪)

## ਕੀ ਸਤਿਗੁਰੂ ਜੀ ਨੇ ਖ਼ੁਦ ਕਦੇ ਕਰਾਮਾਤ ਕੀਤੀ ? ਜੇ ਕੀਤੀ ਤਾਂ ਕਿਉਂ ?

ਅਸੀਂ ਇਹ ਵੇਖ ਆਏ ਹਾਂ ਕਿ ਕਰਾਮਾਤ ਕੋਈ ਅਨਹੋਣੀ ਚੀਜ਼ ਨਹੀਂ; ਜੋ ਭੀ ਮਨੁੱਖ ਮਨ ਦੀ ਦੌੜ-ਭੱਜ ਨੂੰ ਰੋਕ ਕੇ ਕਿਸੇ ਇਕ ਨਿਸ਼ਾਨੇ ਤੇ ਟਿਕਦੇ ਹਨ ਉਨ੍ਹਾਂ ਦੇ ਅੰਦਰ ਇਕ ਚਮਕ ਪੈਦਾ ਹੋ ਜਾਂਦੀ ਹੈ। ਪਰ, ਇਸ ਤਾਕਤ ਨੂੰ ਜਰਨਾ ਸੂਰਮਿਆਂ ਦਾ ਕੰਮ ਹੁੰਦਾ ਹੈ; ਜੋ ਇਸ ਤਾਕਤ ਦਾ ਵਿਖਾਵਾ ਕਰਨ ਲਗ ਪਏ ਉਹ ਰਹਿ ਗਏ। ਬੰਦਗੀ ਇਸ ਤੋਂ ਅਗਾਂਹ ਲੈ ਜਾਂਦੀ ਹੈ। ਕਬੀਰ ਜੀ ਨੇ ਇਸ ਦੇ ਦੋ ਪ੍ਰਤੱਖ ਅੰਗ ਦੱਸੇ ਹਨ :—

ਕਬੀਰ ਨੀਚੇ ਲੋਇਣ ਕਰਿ
ਰਹਉ, ਲੇ ਸਾਜਨ ਘਟ ਮਾਹਿ॥
ਸਭਿ ਰਸ ਖੇਲਉ ਪੀਅ ਸਉ,
ਕਿਸਹੂ ਲਖਾਵਉ ਨਾਹਿ॥੨੩੪॥
ਆਠ ਜਾਮ ਚਉਸਠਿ ਘਰੀ,
ਤੁਅ ਨਿਰਖਤ ਰਹੈ ਜੀਉ॥
ਨੀਚੇ ਲੋਇਣ ਕਿਉ ਕਰਉ,
ਸਭ ਘਟ ਦੇਖਉ ਪੀਉ॥੨੩੫॥

ਜਿਹੜਾ ਮਨ ਸਾਰਾ ਦਿਨ ਸੁੰਦਰ ਤਿਤਲੀਆਂ ਹੀ ਫੜਨ ਵਿਚ ਰੁੱਝਾ ਰਹੇ, ਉਸ ਦੇ ਅੰਦਰ ਤਾਕਤ ਕਿਵੇਂ ਆਵੇ? ਸੋ, ਇਹ ਜ਼ਰੂਰੀ ਹੈ ਕਿ ਪਹਿਲਾਂ ਮਨ ਦੀਆਂ ਵਾਗਾਂ ਨੂੰ ਸੰਭਾਲਿਆ ਜਾਏ। ਮਨ ਨੂੰ ਵਿਕਾਰਾਂ ਕੋਲੋਂ ਰੋਕਣ ਲਈ ਇਸ ਨੂੰ ਅੰਦਰ-ਵਸਦੇ ਕਰਤਾਰ-ਕੇਂਦਰ ਦੇ ਦੁਆਲੇ ਲਾਵਾਂ ਦੁਆਣੀਆਂ ਹਨ। ਇਹ ਹੈ ਬੰਦਗੀ ਦਾ ਪਹਿਲਾ ਅੰਗ।

ਪਰ ਇਹ ਕਾਫ਼ੀ ਨਹੀਂ। ਖ਼ਾਲਕ ਨੂੰ ਆਪਣੇ ਅੰਦਰ ਤੱਕ ਕੇ, ਖ਼ਲਕਤਿ ਵਿਚ ਭੀ ਵੇਖਣਾ ਹੈ। ਇਸ ਅਵਸਥਾ ਦਾ ਜ਼ਿਕਰ ਗੁਰੂ ਅਰਜਨ ਸਾਹਿਬ ਇਉਂ ਕਰਦੇ ਹਨ :—

ਬਿਸਰਿ ਗਈ ਸਭ ਤਾਤਿ ਪਰਾਈ॥ ਜਬ ਤੇ ਸਾਧ ਸੰਗਤਿ ਮੋਹਿ ਪਾਈ॥੧॥ਰਹਾਉ॥ ਨਾ ਕੋ ਬੈਰੀ ਨਾਹਿ ਬਿਗਾਨਾ; ਸਗਲ ਸੰਗਿ ਹਮ ਕਉ ਬਨਿ ਆਈ॥੧॥ ਜੋ ਪ੍ਰਭ ਕੀਨੋ ਸੋ ਭਲ ਮਾਨਿਓ ਇਹ ਸੁਮਤਿ ਸਾਧੂ ਤੇ ਪਾਈ॥੨॥ ਸਭ ਮਹਿ ਰਵਿ ਰਹਿਆ ਪ੍ਰਭੁ ਏਕੈ, ਪੇਖਿ ਪੇਖਿ ਨਾਨਕ ਬਿਗਸਾਈ॥੩॥੬॥ [ਕਾਨੜਾ ਮ: ੫

ਸੋ, ਜੋ ਰੱਬੀ-ਪਿਆਰੇ ਇਸ ਟਿਕਾਣੇ ਤੇ ਅਪੜੇ ਹਨ ਉਨ੍ਹਾਂ ਦੇ ਅੰਦਰ ਨਿਰੀ ਆਤਮਕ ਤਾਕਤ ਹੀ ਨਹੀਂ ਹੈ; ਖ਼ਲਕਤ ਨਾਲ ਪਿਆਰ ਭੀ ਠਾਠਾਂ ਮਾਰ ਰਿਹਾ ਹੈ, ਕਿਉਂਕਿ ਇਸ ਖ਼ਲਕਤ ਵਿਚ ਉਨ੍ਹਾਂ ਨੂੰ ਆਪਣਾ ਪਿਆਰਾ ਖ਼ਾਲਕ ਦਿਸ ਰਿਹਾ ਹੈ। ਉਨ੍ਹਾਂ ਦੇ ਅੰਦਰੋਂ "ਆਪਾ ਪਰ ਕਾ" ਮਿਟ ਜਾਂਦਾ ਹੈ। ਇਸ ਉੱਚੀ ਚੋਟੀ ਤੇ ਬੈਠ ਕੇ 'ਆਪੇ' ਦੀ ਖ਼ਾਤਰ 'ਮਾਨਸਿਕ ਤਾਕਤ' ਵਿਖਾ ਕੇ 'ਓਪਰਿਆਂ' ਤੋਂ ਮਾਣ ਆਦਰ ਕਰਾਣ ਦੀ ਲਾਲਸਾ ਰਹਿ ਹੀ ਨਹੀਂ ਜਾਂਦੀ। ਇਥੇ ਤਾਂ ਜਦ ਹੁਲਾਰਾ ਆਉਂਦਾ ਹੈ 'ਪਿਆਰ' ਦਾ ਆਉਂਦਾ ਹੈ ਤੇ 'ਆਪਾ' ਵਾਰਨ ਦੀ ਖੇਡ ਖੇਡੀਦੀ ਹੈ। ਸੋ, ਜਦ ਕਦੇ ਸਤਿਗੁਰੂ ਜੀ ਨੇ ਆਮ ਲੋਕਾਂ ਦੀ ਤਾਕਤ ਤੋਂ ਅਗਾਂਹ ਦਾ ਕੋਈ ਕੰਮ ਕੀਤਾ, ਜਿਸ ਨੂੰ ਆਮ ਲੋਕਾਂ 'ਕਰਾਮਾਤ' ਸਮਝਿਆ, ਉਹ 'ਆਪੇ' ਦੇ 'ਵਿਖਾਵੇ' ਵਾਸਤੇ ਨਹੀਂ ਸੀ ਹੁੰਦਾ, ਉਹ ਦੁਖੀਆਂ ਦੇ ਦਰਦ ਵੰਡਣ ਦੀ ਖ਼ਾਤਰ ਹੁੰਦਾ ਸੀ। 'ਵਿਖਾਵੇ' ਦੀ ਖ਼ਾਤਰ ਤਾਂ ਕਿਤੇ ਰਿਹਾ, 'ਆਪੇ' ਦੇ 'ਬਚਾਉ' ਵਾਸਤੇ ਭੀ ਇਹ ਉਚੇਚੇ ਕੰਮ ਕਰਨੋਂ ਨਾਂਹ ਕੀਤੀ। ਗੁਰੂ ਤੇਗ ਬਹਾਦਰ ਸਾਹਿਬ ਤੋਂ ਜਿੰਦ ਦੇ ਵੱਟੇ ਕਰਾਮਾਤ ਮੰਗੀ ਸੀ; ਪਰ —

ਨਾਟਕ ਚੇਟਕ ਕੀਏ ਕੁਕਾਜਾ॥
ਪ੍ਰਭ ਲੋਗਨ ਕਹ ਆਵਤ ਲਾਜਾ॥
[ਬਚਿਤ੍ਰ ਨਾਟਕ

(੫)

## ਸਤਿਗੁਰੂ ਜੀ ਨੇ ਆਪਣੇ ਸਾਹਿਬਜ਼ਾਦਿਆਂ ਨੂੰ ਕਰਾਮਾਤ ਤੋਂ ਕਿਉਂ ਵਰਜਿਆ ?

ਪਿਛੇ ਅਸੀਂ ਵੇਖ ਆਏ ਹਾਂ ਕਿ ਬਾਹੂ-ਬਲ, ਧਨ ਮਿਲਖ ਤੇ ਰਾਜ ਦਾ ਮਾਣ ਮਨੁੱਖ ਦਾ ਸਿਰ ਭਵਾ ਦੇਂਦਾ



www.AKJ.Org

ਹੈ। ਪਰ 'ਬਲ' ਮਾੜੀ ਚੀਜ਼ ਨਹੀਂ, ਬਲੀ ਜੋਧੇ ਦੇਸਾਂ ਤੇ ਕੌਮਾਂ ਦੇ ਫ਼ਖ਼ਰ ਦਾ ਥਾਂ ਹਨ । ਕੀ ਸਰੀਰਕ ਤੌਰ ਤੇ ਬਲੀ ਤੇ ਕੀ ਮਾਨਸਿਕ ਤੌਰ ਤੇ ਬਲੀ, ਇਹ ਦੇਸ ਦੀ ਇੱਜ਼ਤ ਤੇ ਅਣਖ ਦੇ ਰਾਖੇ ਹੁੰਦੇ ਹਨ । ਸੋ 'ਬਲ' ਇਕ ਦੁਧਾਰਾ ਖੰਡਾ ਹੈ । ਅੰਞਾਣ ਦੇ ਹੱਥ ਵਿਚ ਆਇਆ ਹੋਇਆ ਇਹ ਖੰਡਾ ਉਸ ਦਾ ਆਪਣਾ ਹੀ ਲਾਗੂ ਹੋ ਜਾਂਦਾ ਹੈ; ਪਰ, ਤਜਰਬਾਕਾਰ ਸਿਆਣੇ ਸੂਰਮੇ ਦੇ ਹੱਥ ਵਿਚ ਆ ਕੇ ਇਹ 'ਅਣਖ' ਦਾ ਰਾਖਾ ਬਣਦਾ ਹੈ।

ਬੰਦਗੀ ਦੇ ਘਾਟ ਤੇ 'ਮਾਨਸਿਕ ਤਾਕਤ' ਪੈਦਾ ਹੋ ਜਾਣੀ ਇਕ ਸਾਧਾਰਨ ਗੱਲ ਹੈ; ਪਰ, ਇਸ ਦੇ ਵਰਤਣ ਵਿਚ ਬੜੀ ਭਾਰੀ ਸਿਆਣਪ ਦੀ ਲੋੜ ਪੈਂਦੀ ਹੈ। 'ਆਪੇ' ਦੀ ਖ਼ਾਤਰ ਵਰਤਿਆਂ ਇਹ ਆਮ ਤੌਰ ਤੇ ਔਝੜੇ ਪਾ ਦੇਂਦੀ ਹੈ। ਬਾਬਾ ਅਟੱਲ ਸਾਹਿਬ ਤੇ ਬਾਬਾ ਗੁਰਦਿੱਤਾ ਜੀ ਨੂੰ ਗੁਰੂ ਹਰਿ ਗੋਬਿੰਦ ਸਾਹਿਬ ਨੇ 'ਕਰਾਮਾਤ' ਤੋਂ ਵਰਜਿਆ ਸੀ, ਕਿਉਂਕਿ ਇਹ ਰਸਤਾ ਉਨ੍ਹਾਂ ਨੂੰ ਆਪਣੇ ਸਿੱਖਾਂ ਪੁੱਤਾਂ ਵਾਸਤੇ ਖ਼ਤਰਨਾਕ ਦਿਸਦਾ ਸੀ।

ਗੁਰੂ ਹਰਿ ਰਾਇ ਸਾਹਿਬ ਜੀ ਨੇ ਔਰੰਗਜ਼ੇਬ ਦੇ ਸੱਦਣ ਤੇ ਆਪਣੇ ਵਡੇ ਸਾਹਿਬਜ਼ਾਦੇ ਬਾਬਾ ਰਾਮ ਰਾਇ ਜੀ ਨੂੰ ਦਿਲੀ ਭੇਜਿਆ ਤੇ ਤਾਕੀਦ ਕੀਤੀ ਕਿ ਹਰ ਗੱਲੇ ਗੁਰੂ ਦੀ ਓਟ ਪਕੜੀ ਰਖਣੀ । ਬਾਬਾ ਜੀ 'ਮਾਨਸਿਕ ਬਲ' ਤਾਂ ਹਾਸਲ ਕਰ ਚੁਕੇ ਹੋਏ ਸਨ । ਪਰਖ ਦੇ ਵੇਲੇ 'ਗੁਰੂ' ਨੂੰ ਆਸਰਾ ਪਰਨਾ ਬਨਾਉਣ ਦੀ ਥਾਂ ਉਹ ਆਪਣੇ 'ਮਾਨਸਿਕ ਬਲ' ਦੀ ਸਹਾਇਤਾ ਲੈਂਦੇ ਰਹੇ, ਕਈ ਕਰਾਮਾਤਾਂ ਵਿਖਾਈਆਂ। ਆਖ਼ਰ ਸਿੱਟਾ ਕੀ ਨਿਕਲਿਆ ? ਚਿਰ ਲਈ ਵਿਛੜ ਗਏ।

ਗੁਰੂ ਹਰਿ ਰਾਇ ਸਾਹਿਬ ਜੀ ਜਦੋਂ ਕੀਰਤਪੁਰ ਤੋਂ ਇਕ ਸ਼ਾਦੀ ਦੇ ਸਮੇਂ ਤੇ ਕਰਤਾਰਪੁਰ ਆਏ, ਇਥੇ ਇਕ ਬ੍ਰਾਹਮਣ ਦਾ ਇਕਲੌਤਾ ਪੁੱਤਰ ਮਰ ਗਿਆ । ਉਹ ਚੁਕਿਆ-ਚੁਕਾਇਆ ਲੋਥ ਨੂੰ ਗੁਰੂ-ਦਰ ਤੇ ਲੈ ਆਇਆ, ਹਠ ਕਰ ਕੇ ਬੈਠ ਗਿਆ ਕਿ ਜੇ ਬਾਲਕ ਨਹੀਂ ਜਿਵਾਉਗੇ ਤਾਂ ਭੁੱਖਾ ਤਿਹਾਇਆ ਇਥੇ ਹੀ ਪ੍ਰਾਣ ਦੇ ਦਿਆਂਗਾ । ਸਿਖਾਂ ਵਿਚ ਚਰਚਾ ਚੱਲੀ । ਕਿਸੇ ਨੂੰ ਤਰਸ ਆਇਆ, ਕਿਸੇ ਨੂੰ ਗੁਰੂ ਘਰ ਦੀ ਇੱਜ਼ਤ ਦਾ ਫ਼ਿਕਰ ਪਿਆ । ਆਖ਼ਰ ਅਰਜ਼ ਕੀਤੀਓਨੇ, ਬਾਲਕ ਜੀਵੇ । ਬਚਨ ਹੋਇਆ, ਜੇ ਇਹ ਹੁਲਾਰਾ ਆਇਆ ਹੈ ਤਾਂ ਕੋਈ 'ਆਪਾ' ਵਾਰੇ, ਜਿੰਦ ਦੇ ਥਾਂ ਜਿੰਦ ਸਦਕੇ ਕਰੇ ।

ਸੋ, 'ਕਰਾਮਾਤ' ਤਾਂ 'ਆਪਾ' ਭੇਟ ਮੰਗਦੀ ਹੈ, 'ਆਪੇ ਦੀ ਖ਼ਾਤਰ' ਨਹੀਂ; ਤੇ ਇਸ ਚੋਟੀ ਤੇ ਅਪੜਦਾ ਹੈ :-

ਕੋਟਿ ਮਧੇ ਕੋਈ ਵਿਰਲਾ ਸੇਵਕੁ ॥

[ਗੂਜਰੀ ਮ: ੫

# ਗੁਰਦਵਾਰਾ ਬੰਗਲਾ ਸਾਹਿਬ ਬਲੋਲਪੁਰ ਵਿਖੇ ਅਖੰਡਪਾਠ ਤੇ ਕੀਰਤਨ

ਸ੍ਰੀ ਮਾਨ ਡਾਕਟਰ ਬਸੰਤ ਸਿੰਘ ਜੀ ਦੀ ਸਾਲਾਨਾ ਯਾਦ ਵਿਚ ਪਿੰਡ ਬਲੋਲਪੁਰ ਗੁਰਦਵਾਰਾ ਬੰਗਲਾ ਸਾਹਿਬ ਵਿਖੇ ੨੧ ਮਾਰਚ ਸ਼ਾਮ ਨੂੰ ਸ੍ਰੀ ਅਖੰਡਪਾਠ ਰਖ ਕੇ ੨੩ ਮਾਰਚ ਸ਼ਾਮ ਸ਼ਨੀਵਾਰ ਨੂੰ ਭੋਗ ਪਾਏ ਜਾਣਗੇ। ਉਪਰੰਤ ਰੈਣ-ਸਬਾਈ ਕੀਰਤਨ ਸ਼ੁਰੂ ਹੋ ਕੇ ੨੪ ਮਾਰਚ ਐਤਵਾਰ ਸਵੇਰੇ ਸਮਾਪਤੀ ਹੋਵੇਗੀ।

ਸਮੂਹ ਸੰਗਤਾਂ ਪ੍ਰੋਗਰਾਮ ਵਿਚ ਹਾਜ਼ਰੀਆਂ ਭਰ ਕੇ ਲਾਹੇ ਪ੍ਰਾਪਤ ਕਰਨ।

ਨੋਟ :—ਰੇਲਵੇ ਸਟੇਸ਼ਨ ਡੇਰਾ ਬਾਬਾ ਨਾਨਕ ਤੋਂ ਬਟਾਲੇ ਵਾਲੀ ਸੜਕ ਤੋਂ ਤੀਜੇ ਮੀਲ ਪਰ ਪਿੰਡ ਬਲੋਲਪੁਰ ਹੈ।

ਦਰਸ਼ਨ ਅਭਿਲਾਖੀ—**ਨਿਰੰਕਾਰ ਸਿੰਘ ਬੁੱਢਾ ਸਿੰਘ**

ਗੁਰਦਵਾਰਾ ਬੰਗਲਾ ਸਾਹਿਬ, ਪਿੰਡ ਬਲੋਲਪੁਰ


www.AKJ.Org

# ਫ਼ਿਲਮਾਂ ਬਾਰੇ ਚੀਫ਼ ਖ਼ਾਲਸਾ ਦੀਵਾਨ ਦਾ ਸੁਆਰਥੀ ਵਤੀਰਾ

ਚੀਫ਼ ਖ਼ਾਲਸਾ ਦੀਵਾਨ ਅੰਮ੍ਰਿਤਸਰ ਵਲੋਂ ੧੯-੨-੭੪ ਨੂੰ ਇਕ ਪੱਤਰਕਾ ਅੰਗਰੇਜ਼ੀ ਵਿਚ ਇਨਫ਼ਾਰਮੇਸ਼ਨ ਅਤੇ ਬ੍ਰਾਡਕਾਸਟਿੰਗ ਮਨਿਸਟਰ ਸ੍ਰੀ ਐਲ. ਕੇ. ਗੁਜਰਾਲ ਵੱਲ ਭੇਜੀ ਗਈ ਹੈ, ਜਿਸ ਦਾ ਪੰਜਾਬੀ ਅਨੁਵਾਦ ਇਉਂ ਹੈ —

"ਸ੍ਰੀ ਮਾਨ ਜੀ,

"ਸਾਨੂੰ ਦੇਸ਼ ਦੀਆਂ ਵੱਖ ਵੱਖ ਸਿਖ ਸੰਸਥਾਵਾਂ ਦੀ ਰਾਏ ਤੇ ਨੁਮਾਇੰਦਗੀ ਪ੍ਰਾਪਤ ਹੋਈ ਹੈ, ਜਿਸ ਵਿਚ ਕਈ ਫ਼ਿਲਮ-ਪ੍ਰੋਡੀਊਸਰਾਂ ਵਲੋਂ ਸਿਖ ਕੌਮ, ਸਿਖ ਧਰਮ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਬਾਰੇ ਫ਼ਿਲਮਾਂ ਤਿਆਰ ਕਰਨ ਦੀਆਂ ਹੋ ਰਹੀਆਂ ਤਿਆਰੀਆਂ ਸੰਬੰਧੀ ਚਿੰਤਾ ਪ੍ਰਗਟਾਈ ਹੈ। ਇਸ ਹਰਕਤ ਉਪਰ ਸਿਖ-ਮਨ ਚਿੰਤਾ ਤੇ ਖ਼ਤਰਾ ਇਸ ਲਈ ਮਹਿਸੂਸ ਕਰਦੇ ਹਨ ਕਿ ਉਹ ਡਰਦੇ ਹਨ ਕਿ ਇਨ੍ਹਾਂ ਫ਼ਿਲਮਾਂ ਵਿਚ ਸਿਖ ਧਰਮ ਦੀ ਗ਼ਲਤ ਨੁਮਾਇੰਦਗੀ ਤੋਂ ਬਿਨਾਂ ਫ਼ਿਲਮ-ਐਕਟਰਾਂ ਰਾਹੀਂ ਸਿਖ ਸ਼ਹੀਦਾਂ ਤੇ ਸਿਖ ਗੁਰੂ ਸਾਹਿਬਾਨ ਦੇ ਪਾਰਟ ਵੀ ਲਏ ਜਾਣੇ ਅਰੰਭ ਹੋ ਜਾਣਗੇ।

"ਪ੍ਰੋਡੀਊਸਰਾਂ ਦਾ ਨੁਕਤਾ-ਨਜ਼ਰ ਬੜਾ ਹੋਲਾ ਤੇ ਹੀਣਾ ਹੁੰਦਾ ਹੈ। ਉਨ੍ਹਾਂ ਨੇ ਸਿਖੀ ਜੀਵਨ ਜਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਡੂੰਘਾ ਅਧਿਐਨ ਨਹੀਂ ਕੀਤਾ ਹੁੰਦਾ। ਕੁਝ ਸਿਖੀ ਨਾਂ, ਨਿਸ਼ਾਨ ਜਾਂ ਸਾਖੀਆਂ ਚੁਣ ਕੇ, ਇਕੱਠੀਆਂ ਕਰ ਕੇ ਫ਼ਿਲਮੀ ਕਹਾਣੀ ਨੂੰ ਸਿਖੀ ਰੰਗ ਢੰਗ ਦੇ ਦਿਤਾ ਜਾਂਦਾ ਹੈ। ਇਸ ਤੋਂ ਇਲਾਵਾ ਇਸ ਰਵਸ਼ ਵਿਚ ਇਹ ਖ਼ਤਰਾ ਹਮੇਸ਼ਾ ਰਹੇਗਾ ਕਿ ਸਿਖ ਇਤਿਹਾਸ ਨੂੰ ਤਰੋੜ ਮਰੋੜ ਕੇ ਐਸਾ ਉਲਟਾ ਪੇਸ਼ ਕਰ ਦਿਤਾ ਜਾਵੇ, ਜਿਸ ਨਾਲ ਸਿਖਾਂ ਵਿਚ ਰੋਸ ਦੀ ਲਹਿਰ ਫੈਲ ਜਾਏ।

"ਅਸੀਂ ਨਹੀਂ ਚਾਹੁੰਦੇ ਕਿ ਸਰਕਾਰ ਦਖ਼ਲ ਦੇ ਕੇ ਸਿਖ-ਫ਼ਿਲਮਾਂ ਦੀ ਪ੍ਰੋਡਕਸ਼ਨ ਨੂੰ ਉੱਕਾ ਹੀ ਬੰਦ ਕਰਾ ਦੇਵੇ, ਪ੍ਰੰਤੂ ਸਾਡੀ ਇਹ ਚਾਹ ਜ਼ਰੂਰ ਹੈ ਕਿ ਐਸੀਆਂ ਫ਼ਿਲਮਾਂ ਨੂੰ ਐਸੇ ਬੋਰਡ ਰਾਹੀਂ ਸੈਂਸਰ ਕੀਤਾ ਜਾਵੇ, ਜਿਸ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਚੀਫ਼ ਖ਼ਾਲਸਾ ਦੀਵਾਨ ਦੋਹਾਂ ਦੇ ਨੁਮਾਇੰਦੇ ਸੰਬੰਧਤ ਹੋਣ ਅਤੇ ਇਹ ਗੱਲ ਪ੍ਰੋਡੀਊਸਰਾਂ ਦੇ ਭੀ ਹਿਤ ਵਿਚ ਜਾਂਦੀ ਹੈ, ਕਿਉਂ ਜੁ ਇਕ ਫ਼ਿਲਮ ਦੇ ਮਨਜ਼ੂਰ ਹੋ ਜਾਣ ਉਪ੍ਰੰਤ ਉਸ ਦੇ ਵਿਖਾਣ ਸਮੇਂ ਕੋਈ ਔਖਿਆਈ ਨਹੀਂ ਖੜੀ ਹੋਵੇਗੀ। ਇਹ ਗੱਲ ਹੋਰ ਵੀ ਚੰਗੀ ਹੋਵੇਗੀ ਜੇ ਫ਼ਿਲਮ ਬਣਾਉਣੀ ਚਾਲੂ ਕਰਨ ਤੋਂ ਪਹਿਲਾਂ ਦੋਹਾਂ ਸੰਸਥਾਵਾਂ ਪਾਸੋਂ ਫ਼ਿਲਮ ਦੀ ਕਹਾਣੀ ਅਤੇ ਲਿਪੀ ( Script ) ਸੰਬੰਧੀ ਮਨਜ਼ੂਰੀ ਲੈ ਲੈਣ।"

ਕਤਕ ਪੂਰਨਮਾਸ਼ੀ ਗੁਰਪੁਰਬ ਸਮੇਂ ੧੨-੧੧-੭੩ ਨੂੰ ਜਲੰਧਰ ਸਮਾਗਮ ਵਿਖੇ ਸਰਬ ਹਿੰਦ ਅਖੰਡ ਕੀਰਤਨੀ ਜੱਥਿਆਂ ਵਲੋਂ ਸਰਬ ਸੰਮਤੀ ਨਾਲ ਫ਼ਿਲਮਾਂ ਰਾਹੀਂ ਗੁਰਮਤਿ ਦੇ ਕੋਹਝੇ ਪਰਚਾਰ ਨੂੰ ਬੰਦ ਕਰਨ-ਕਰਾਉਣ ਬਾਰੇ ਗੁਰਮਤਾ ਪਾਸ ਕੀਤਾ ਗਿਆ ਸੀ, ਜੋ ਦਸੰਬਰ ਦੇ ਪਰਚਾ 'ਸੂਰਾ' ਵਿਚ ਛਪਿਆ ਸੀ। ਇਸ ਮਤੇ ਦੀ ਕਾਪੀ ਚੀਫ਼ ਖ਼ਾਲਸਾ ਦੀਵਾਨ ਨੂੰ ਵੀ ਭੇਜੀ ਗਈ ਸੀ।

ਉਪਰ ਦਸੇ ਮਤੇ ਦੇ ਉਤਰ ਵਿਚ ਚੀਫ਼ ਖ਼ਾਲਸਾ ਦੀਵਾਨ ਵਲੋਂ ਉਪਰੋਕਤ ਚਿੱਠੀ ਦੀ ਨਕਲ 'ਸੂਰਾ' ਪੱਤਰ ਨੂੰ ਭੇਜੀ ਗਈ ਹੈ। ਇਸ ਚਿੱਠੀ ਨੂੰ ਪੜ੍ਹ ਕੇ ਹੈਰਾਨੀ ਉਪਜਦੀ ਹੈ ਕਿ ਸਾਡੀਆਂ ਨੁਮਾਇੰਦਾ ਸੰਸਥਾਵਾਂ ਫ਼ਿਲਮਾਂ ਨੂੰ ਕਿਉਂ ਇੰਨੀ ਮਹਾਨਤਾ ਦੇ ਰਹੀਆਂ ਹਨ, ਜਦ ਕਿ ਇਸ ਸਮੇਂ ਆਚਰਨ ਨੂੰ ਬਰਬਾਦ ਕਰਨ ਦਾ ਸਭ ਤੋਂ ਵਧ ਹਿੱਸਾ ਇਨ੍ਹਾਂ ਫ਼ਿਲਮਾਂ ਦਾ ਹੈ।

ਉਸ ਮਤੇ ਵਿਚ ਤਾਂ ਮੰਗ ਇਸ ਗੱਲ ਦੀ ਸੀ ਕਿ ਸਰਕਾਰ ਸਿਖ ਇਤਿਹਾਸ ਤੇ ਰਹੁ-ਰੀਤ ਸੰਬੰਧੀ ਫ਼ਿਲਮਾਂ ਬਣਾਉਣੀਆਂ ਤੁਰਤ ਬੰਦ ਕਰਾਵੇ ਅਤੇ ਸ਼੍ਰੋਮਣੀ ਗੁਰਦੁਆਰਾ ਪਰਬੰਧਕ ਕਮੇਟੀ ਫ਼ਿਲਮੀ-ਡਰਾਮਿਆਂ ਰਾਹੀਂ ਪਰਚਾਰ ਦੇ ਇਸ ਨਿੰਦਨੀਯ ਢੰਗ ਨੂੰ ਫ਼ੌਰਨ ਰੋਕੇ ਅਤੇ ਆਚਰਨ-ਹੀਨ ਐਕਟਰ-ਐਕਟਰੈਸਾਂ ਦੀ ਬਜਾਏ ਜੀਵਨ ਵਾਲੇ ਗੁਰਮੁਖਾਂ ਦੁਆਰਾ ਨਾਮ ਬਾਣੀ ਦਾ ਪਰਚਾਰ ਕਰਵਾਇਆ ਜਾਏ।

ਇਸ ਗੁਰਮਤੇ ਦੀ ਆੜ ਹੇਠ ਚੀਫ਼ ਖ਼ਾਲਸਾ ਦੀਵਾਨ ਨੇ



www.AKJ.Org

ਨਵਾਂ ਪੈਂਤੜਾ ਅਖ਼ਤਿਆਰ ਕੀਤਾ ਹੈ ਕਿ ਸਿਖ ਧਰਮ ਬਾਰੇ ਬਣਨ ਵਾਲੀਆਂ ਫ਼ਿਲਮਾਂ ਉਕਾ ਬੰਦ ਕਰਨ ਦੀ ਲੋੜ ਨਹੀਂ, ਸਗੋਂ ਉਹ ਚੀਫ਼ ਖ਼ਾਲਸਾ ਦੀਵਾਨ ਤੇ ਸ਼੍ਰੋਮਣੀ ਕਮੇਟੀ ਦੇ ਨੁਮਾਇੰਦਿਆਂ ਦੇ ਬੋਰਡ ਤੋਂ ਸੈਂਸਰ ਕਰਵਾ ਕੇ ਬਣਾਈਆਂ ਤੇ ਚਲਾਈਆਂ ਜਾਣ।

ਕੀ ਅਸੀਂ ਪੁਛ ਸਕਦੇ ਹਾਂ ਕਿ ਇਸ ਬੋਰਡ ਦੇ ਸੈਂਸਰ ਕਰਨ ਨਾਲ ਇਹ ਨਿੰਦਨੀਯ ਢੰਗ ਬਦਲ ਕੇ ਉਪਮਾ-ਯੋਗ ਬਣ ਜਾਏਗਾ? ਜਾ ਆਚਰਨ-ਹੀਨ ਐਕਟਰ-ਐਕਟਰੈਸਾਂ ਦਾ ਆਚਰਨ ਉਚਾ ਹੋ ਜਾਏਗਾ? ਜਿਸ ਆਚਰਨ ਦੀ ਰੌਸ਼ਨੀ ਵਿਚ ਕੌਮ ਦੇ ਬੱਚੇ ਬੱਚੀਆਂ ਉਚੇ ਇਖ਼ਲਾਕ ਨੂੰ ਧਾਰ ਲੈਣਗੇ? ਕੀ ਅਗੇ ਸਾਡੀ ਨੁਮਾਇੰਦਾ ਸੰਸਥਾ ਵਲੋਂ ਮਨਜ਼ੂਰ ਹੋ ਕੇ ਚਲ ਰਹੀਆਂ ਸਿਖ ਫ਼ਿਲਮਾਂ ਵਿਚ ਚੇਸ਼ਟਾ-ਉਤੇਜਨ ਕਰਨ ਵਾਲੇ ਸੀਨ ਨਹੀਂ ਹਨ? ਇਨ੍ਹਾਂ ਫ਼ਿਲਮਾਂ ਨੇ ਕਿੰਨਿਆਂ ਕੁ ਨੂੰ ਸਿਖੀ ਵਲ ਪ੍ਰੇਰਿਆ ਹੈ ਅਤੇ ਕਿੰਨੀ ਕੁ ਆਚਰਨ-ਉਸਾਰੀ ਕੀਤੀ ਹੈ ਅਤੇ ਕਿਤਨੇ ਕੁ ਨੌਜੁਆਨ ਪਤਿਤ-ਕਰਮ ਕਰਨੋਂ ਹਟੇ ਹਨ? ਹੋਰ ਤਾਂ ਕੁਝ ਸੰਵਰਿਆ ਹੋਵੇ ਜਾਂ ਨਾ, ਪਰ ਚੌਧਰੀਆਂ ਦਾ ਹਲਵਾ-ਮਾਂਡਾ ਚੰਗਾ ਬਣਿਆ ਹੋਵੇਗਾ। ਜਿਸ ਕਾਰਵਾਈ ਨਾਲ ਕੁਝ ਸੰਵਰਨਾ ਹੀ ਨਹੀਂ, ਸਗੋਂ ਉਹ ਮੁਢ-ਮੂਲ ਤੋਂ ਹੀ ਬਰਬਾਦੀ ਤੇ ਅਯਾਸ਼ੀ ਦਾ ਕਾਰਨ ਹੈ ਉਸ ਨੂੰ ਇਤਨੀ ਹਵਾ ਕਿਉਂ ਦਿਤੀ ਜਾ ਰਹੀ ਹੈ? ਜੇ ਕੋਈ ਅਜਿਹੀ ਬੁਰੀ ਚੀਜ਼ ਦੀ ਵਿੰਗੇ-ਟੇਡੇ ਢੰਗ ਨਾਲ ਹਮਾਇਤ ਕਰਦਾ ਹੈ ਤਾਂ ਇਸ ਵਿਚ ਉਸ ਦਾ ਕੁਝ ਸੁਆਰਥ ਜਾਪਦਾ ਹੈ। ਇਸ ਨਾਲ ਕੌਮ ਦਾ ਭਲਾ ਨਹੀਂ ਹੋ ਸਕਦਾ।

ਕੌਮ ਦਾ ਜੀਵਨ ਉਚੇ ਸੁਚੇ ਜੀਵਨ ਵਾਲੇ ਗੁਰਮੁਖ ਜਨਾਂ ਦੇ ਰਾਹੀਂ ਹੀ ਉਚਾ ਹੋ ਸਕਦਾ ਹੈ। ਸੋ ਗੁਰਸਿਖੀ ਮੰਡਲ ਵਿਚ ਅਮਲੀ ਜੀਵਨ ਬਣਾਉਣ ਦੀ ਲੋੜ ਹੈ, ਗੁਰਮਤਿ ਰਹਿਤ-ਮਰਯਾਦਾ ਵਿਚ ਪਰਪਕਤਾ ਦੀ ਲੋੜ ਹੈ, ਅੰਮ੍ਰਿਤ ਵੇਲੇ ਜਾਗ ਕੇ ਨਾਮ-ਬਾਣੀ ਦੇ ਸਿਮਰਨ-ਅਭਿਆਸ ਦੀ ਲੋੜ ਹੈ ਅਤੇ ਗੁਰਮਤਿ-ਗੁਣਾਂ ਨੂੰ ਅੰਦਰ ਵਸਾਉਣ ਦੀ ਲੋੜ ਹੈ। ਫੋਕੀਆਂ ਚੌਧਰਾਂ ਨਾਲ ਗੁਰਮਤਿ ਅੰਦਰ ਨਹੀਂ ਵਸ ਸਕਦੀ।

['ਸੂਰਾ' ਪ੍ਰਵਾਰ ਵਲੋਂ

## 'ਸੂਰਾ' ਮਾਸਕ ਪੱਤਰ ਨੂੰ ਸਹਾਇਤਾ

ਸ: ਮਦਨ ਸਿੰਘ ਜੀ Handswarth, Birmingham (U. K.) ਵਲੋਂ 936-00 ਦਾ ਚੈਕ ਮਿਲਿਆ, ਜਿਸ ਵਿਚੋਂ ਚੰਦਿਆਂ ਦੀ ਰਕਮ ਕਟ ਕੇ ਬਾਕੀ 737-00 ਇਸ ਮਾਸਕ-ਪੱਤਰ ਦੀ ਸਹਾਇਤਾ ਲਈ ਦਿਤੇ ਗਏ। ਸਤਿਗੁਰੂ ਪਾਤਿਸ਼ਾਹ ਆਪ ਜੀ ਨੂੰ ਚੜ੍ਹਦੀਆਂ ਕਲਾ ਅਤੇ ਨਾਮ ਦਾਨ ਬਖ਼ਸ਼ਣ।

ਹੋਰ ਸਹਾਇਤਾ ਪੁਜੀਆਂ—

| | |
|---|---|
| ਸ: ਹਜ਼ੂਰ ਸਿੰਘ ਗੁਰਬਖ਼ਸ਼ ਸਿੰਘ ਬ੍ਰੇਲੀ ਵਲੋਂ ਮਾਤਾ ਜੀ ਦੇ ਚਲਾਣੇ ਦੇ ਭੋਗ ਸਮੇਂ | 5-00 |
| ਸ: ਪ੍ਰੀਤਮ ਸਿੰਘ ਜੀ ਬ੍ਰੇਲੀ ਵਲੋਂ | 5-00 |
| ਸ: ਅਵਤਾਰ ਸਿੰਘ ਜੀ ਨਾਗਪਾਲ, ਪਾਰੋਵਾਲ ਵਲੋਂ | 21-00 |
| ਸ: ਜਗਮੋਹਨ ਸਿੰਘ ਜੀ ਸਪੁਤਰ ਸ: ਸਤਨਾਮ ਸਿੰਘ ਜੀ ਬੰਬਈ ਵਲੋਂ | 51-00 |
| ਭਾਈ ਸਾਹਿਬ ਜੋਗਿੰਦਰ ਸਿੰਘ ਜੀ ਤਲਵਾੜਾ ਵਲੋਂ ਮਾਤਾ ਜੀ ਦੇ ਚਲਾਣੇ ਦੇ ਭੋਗ ਸਮੇਂ | 11-00 |
| ਸ: ਪੂਰਨ ਸਿੰਘ ਜੀ ਐਮ. ਏ. ਨਵੀਂ ਦਿਲੀ ਵਲੋਂ | 5-00 |
| ਸਹਾਰਨਪੁਰ ਦੇ ਪ੍ਰੇਮੀ ਪਰਵਾਰ ਵਲੋਂ | 21-00 |

ਸਤਿਗੁਰੂ ਸਰਬਤ ਨੂੰ 'ਨਾਮ ਦਾਨ ਤੇ ਚੜ੍ਹਦੀਆਂ ਕਲਾ' ਬਖ਼ਸ਼ਣ।

## 'ਸੂਰਾ' ਮਾਸਕ ਪੱਤਰ ਦਾ ਚੰਦਾ

ਕਾਗਜ਼ ਬਹੁਤਾ ਮਹਿੰਗਾ ਹੋ ਜਾਣ ਤੇ ਭੀ ਚੰਦਾ ਵਧਾਇਆ ਨਹੀਂ ਗਿਆ। ਅਜੇ ਤਕ ਚੰਦਾ ਦੇਸ ਲਈ ਕੇਵਲ 6-00 ਛੇ ਰੁਪਏ ਹੈ। ਆਪਣੇ ਤੇ ਸਜਨਾਂ ਮਿਤਰਾਂ ਦੇ ਚੰਦੇ ਮਨੀਆਰਡਰ ਰਾਹੀਂ ਹੇਠ ਲਿਖੇ ਪਤੇ ਤੇ ਭਿਜਵਾਓ ਅਤੇ ਹੇਠਲੇ ਕੂਪਨ ਤੇ ਆਪਣਾ ਪੂਰਾ ਐਡਰੈਸ ਜ਼ਰੂਰ ਲਿਖੋ ਜੀ।

'ਸੂਰਾ' ਮਾਸਕ ਪੱਤਰ, ਬਜ਼ਾਰ ਮਾਈ ਸੇਵਾਂ, ਕੂਚਾ ਚਤਰ ਸਿੰਘ, ਅੰਮ੍ਰਿਤਸਰ



www.AKJ.Org

# ਰੋਟੀ ਖਾਈਏ ਸ਼ੱਕਰ ਨਾਲ। ਦੁਨੀਆ ਲੁਟੀਏ ਮੱਕਰ ਨਾਲ।

ਉਪਰੋਕਤ ਨਾਂ ਦਾ ਛੋਟਾ ਜਿਹਾ ਟ੍ਰੈਕਟ ਖ਼ਾਲਸਾ ਸੇਵਕ ਦਲ ਰੋਪੜ ਵਲੋਂ ਸਾਨੂੰ ਪੁਜਾ ਹੈ, ਜਿਸ ਦਾ ਪਹਿਲਾ ਹਿੱਸਾ ਹੇਠਾਂ ਦਿਤਾ ਜਾਂਦਾ ਹੈ ਅਤੇ ਅਖ਼ੀਰਲਾ ਪੈਰਾ ਇਸ ਟ੍ਰੈਕਟ ਦੀ ਰੌਸ਼ਨੀ ਹੇਠ ਅਸੀਂ ਆਪਣੇ ਲਫ਼ਜ਼ਾਂ ਵਿਚ ਦੇ ਦਿਤਾ ਹੈ। ਟ੍ਰੈਕਟ ਦਾ ਬਾਕੀ ਮਜ਼ਮੂਨ ਸਾਡੇ ਪਿਛਲੇ ਪਰਚਿਆਂ ਵਿਚ ਛਪ ਚੁਕਣ ਕਰਕੇ ਦੁਬਾਰਾ ਨਹੀਂ ਦੇ ਰਹੇ।

—ਸੂਰਾ ਪਰਵਾਰ

ਇਹ ਅਖਾਣ ਬਹੁਤ ਪੁਰਾਣਾ ਹੈ ਅਤੇ ਉਨ੍ਹਾਂ ਪੁਰਖਾਂ ਲਈ ਵਰਤਿਆ ਚਲਾ ਆਉਂਦਾ ਹੈ ਜੋ ਆਪ ਚੰਗੇ ਪਦਾਰਥ ਖਾਣ ਅਤੇ ਚੰਗੇ ਬਸਤਰ ਪਾਉਣ ਲਈ ਦੂਜਿਆਂ ਨੂੰ ਠੱਗਣ ਜਾਂ ਲੁਟਣ ਤੋਂ ਸੰਕੋਚ ਨਹੀਂ ਕਰਦੇ। ਪਹਿਲੇ ਸਮੇਂ ਵਿਚ ਇਹੋ ਜਿਹੇ ਬੰਦਿਆਂ ਦੀ ਗਿਣਤੀ ਬਹੁਤ ਘੱਟ ਹੁੰਦੀ ਸੀ, ਪਰ ਅਜ ਕਲ ਦੇ ਸਮੇਂ ਵਿਚ ਬਹੁਤੇ ਲੋਕਾਂ ਦੀ ਗਿਣਤੀ ਐਸੀ ਹੈ, ਜਿਨ੍ਹਾਂ ਉਪਰ ਇਹ ਅਖਾਣ ਖ਼ੂਬ ਢੁਕਦਾ ਹੈ।

ਭਾਵੇਂ ਕੋਈ ਦੁਕਾਨਦਾਰ ਹੈ ਜਾਂ ਮੁਲਾਜ਼ਮ, ਹਰ ਇਕ ਦੀ ਇਹ ਖ਼ਾਹਸ਼ ਹੁੰਦੀ ਹੈ ਕਿ ਆਪਣੇ ਗਾਹਕ ਨੂੰ ਵਧ ਤੋਂ ਵਧ ਲੁਟਿਆ ਜਾਏ, ਵਧ ਮੁਨਾਫ਼ਾ ਤੇ ਰਿਸ਼ਵਤ ਲਈ ਜਾਏ। ਮਿਲਾਵਟ ਤੇ ਚੋਰ-ਬਜ਼ਾਰੀ ਕਰਨਾ ਜਾਂ ਅਗਲੇ ਦੀ ਮਜਬੂਰੀ ਤੋਂ ਫ਼ਾਇਦਾ ਉਠਾਣਾ ਹਰ ਕੋਈ ਜਾਇਜ਼ ਸਮਝਦਾ ਹੈ। ਜਦ ਕਿ ਮਹਾਰਾਜ ਦੇ ਦਸੇ ਅਨੁਸਾਰ ਸਾਡਾ ਫ਼ਰਜ਼ ਹੈ ਕਿ "ਗਰੀਬ ਦਾ ਮੂੰਹ ਗੁਰੂ ਕੀ ਗੋਲਕ" ਸਮਝੀਏ। ਇਸ ਤਰ੍ਹਾਂ ਗਰੀਬਾਂ, ਲੋੜਵੰਦਾਂ, ਨੇਕ ਪੁਰਸ਼ਾਂ, ਸੇਵਾ ਤੇ ਉਪਕਾਰ ਕਰਨ ਵਾਲਿਆਂ ਨਾਲ ਉਚੇਚੇ ਤੌਰ ਤੇ ਪਿਆਰ ਸਤਿਕਾਰ ਤੇ ਲਿਹਾਜ਼ ਕੀਤਾ ਜਾਣਾ ਗੁਰ-ਆਸ਼ਾ ਹੈ। ਪਰ ਮੰਦੇ ਭਾਗਾਂ ਨੂੰ ਅਸੀਂ ਬਹੁਤ ਸਾਰੇ ਦੁਕਾਨਦਾਰ ਤੇ ਮੁਲਾਜ਼ਮ ਸਭ ਨੂੰ ਇਕੋ ਤਕੜੀ ਨਾਲ ਤੋਲਦੇ ਹਾਂ ਜਾਂ ਇਕੋ ਗਜ਼ ਨਾਲ ਨਾਪਦੇ ਚਲੇ ਆ ਰਹੇ ਹਾਂ, ਕਿਉਂਕਿ ਸਾਡਾ ਨਿਸ਼ਾਨਾ ਕੇਵਲ ਧਨ ਇਕੱਠਾ ਕਰਨਾ ਤੇ ਵਧ ਤੋਂ ਵਧ ਸ਼ੱਕਰ ਖਾਣੀ (ਐਸ਼ ਕਰਨੀ) ਹੋ ਗਿਆ ਹੈ। ਦੂਸਰੇ ਦੇ ਦੁੱਖ ਜਾਂ ਤਕਲੀਫ਼ ਨੂੰ ਮਹਿਸੂਸ ਕਰਨਾ ਸਾਡੇ ਵਿਚੋਂ ਦਿਨੋ ਦਿਨ ਘਟਦਾ ਜਾ ਰਿਹਾ ਹੈ, ਜੋ ਕਿ ਬਹੁਤ ਮਾੜੀ ਗੱਲ ਹੈ।

## ਪਰ ਬੀਜ ਨਾਸ ਨਹੀਂ

ਕੋਈ ਕੋਈ ਵਿਰਲੇ ਤੇ ਚੰਗੇ ਭਾਗਾਂ ਵਾਲੇ ਗੁਰੂ ਦੇ ਪਿਆਰੇ ਹੁਣ ਵੀ ਹਨ ਜਿਨ੍ਹਾਂ ਦਾ ਨਜ਼ਰੀਆ (ਦ੍ਰਿਸ਼ਟੀ ਕੋਣ) ਇਸਦੇ ਉਲਟ ਹੈ। ਉਹ ਗੁਰੂ-ਆਸ਼ੇ ਅਨੁਸਾਰ ਨੇਕ ਕਮਾਈ ਕਰਦੇ ਹੋਏ ਗਰੀਬ, ਲੋੜਵੰਦ ਤੇ ਨੇਕ ਪਰਉਪਕਾਰੀ ਪੁਰਸ਼ਾਂ ਨਾਲ ਹਮੇਸ਼ਾ ਹਮਦਰਦੀ ਵਾਲਾ ਵਰਤਾਉ ਹੀ ਨਹੀਂ ਕਰਦੇ ਸਗੋਂ ਉਨ੍ਹਾਂ ਦੀ ਸੇਵਾ ਤੇ ਸਹਾਇਤਾ ਕਰਨਾ ਫ਼ਖ਼ਰ (ਮਾਣ) ਸਮਝਦੇ ਹਨ।

## ਗੱਲ ਲੁੱਟਣ ਵਾਲਿਆਂ ਦੀ ਚੱਲ ਰਹੀ ਸੀ

ਕੋਈ ਕਿਸ ਤਰ੍ਹਾਂ ਲੁਟਦਾ ਹੈ ਕੋਈ ਕਿਸ ਤਰ੍ਹਾਂ। ਪਰ ਅਜ ਕਲ ਦੇ ਪਖੰਡੀ ਗੁਰੂ ਭੋਲੇ ਭਾਲੇ ਲੋਕਾਂ ਨੂੰ ਜਿਸ ਤਰ੍ਹਾਂ ਲੁਟ ਰਹੇ ਹਨ ਉਨ੍ਹਾਂ ਵਿਚੋਂ ਨਕਲੀ ਨਿਰੰਕਾਰੀਆਂ ਦੇ ਆਗੂ ਦਾ ਨੰਬਰ ਸ਼ਾਇਦ ਪਹਿਲਾ ਹੈ ਜੋ ਭੋਲੇ ਭਾਲੇ ਲੋਕਾਂ ਤੋਂ ਰੁਪਿਆ ਰੁਪਿਆ ਦੋ ਦੋ ਰੁਪਏ ਮਥਾ ਟਿਕਾ ਕੇ ਆਪ ਐਸ਼ ਕਰ ਰਿਹਾ ਹੈ ਤੇ ਆਪਣੇ ਏਜੰਟਾਂ ਨੂੰ ਮੌਜਾਂ ਕਰਵਾ ਰਿਹਾ ਹੈ।

## ਡਾਕੂ ਉਥੇ ਹੀ ਡਾਕਾ ਮਾਰਦੇ ਹਨ

ਜਿਥੇ ਉਨ੍ਹਾਂ ਨੂੰ ਬਹੁਤ ਕੁਝ ਮਿਲਣ ਦੀ ਆਸ ਹੋਵੇ। ਅਤੇ ਘਰ ਵਾਲੇ ਉਹੋ ਹੀ ਲੁਟੇ ਜਾਂਦੇ ਹਨ ਜੋ ਲਾਪ੍ਰਵਾਹ ਹੋਣ ਅਤੇ ਆਪਣੇ ਘਰ ਦਾ ਬੰਦੋਬਸਤ ਠੀਕ ਨਾ ਕਰ ਸਕਦੇ ਹੋਣ। ਕੁਝ ਇਸੇ ਤਰ੍ਹਾਂ ਹੀ ਸਾਡੀ

[ਬਾਕੀ ਦੇਖੋ ਸਫ਼ਾ ੪੦ ਹੇਠ]



www.AKJ.Org

# ਨਿਸ਼ਕਾਮ ਸੇਵਾ

[ ਵਲੋਂ—ਪ੍ਰਿੰਸੀਪਲ ਨਿਰੰਜਨ ਸਿੰਘ ਜੀ ਐਮ. ਐਸ-ਸੀ. ]

ਸਿਮਰਨ ਅਤੇ ਸੇਵਾ ਦੇ ਆਦਰਸ਼ ਦੀ ਇਕ ਸਿਖ ਦੇ ਜੀਵਨ ਲਈ ਇਸ ਤਰ੍ਹਾਂ ਵਿਆਖਿਆ ਕੀਤੀ ਗਈ ਹੈ ਕਿ ਸਿਖ ਦਾ ਕਰਮ ਇਹ ਹੋਵੇ—(੧) ਨਾਮ ਜਪਣਾ, (੨) ਕਿਰਤ ਕਰਨੀ, (੩) ਵੰਡ ਛਕਣਾ । ਸਰਬੱਤ ਦੇ ਜੀਵਨ ਨੂੰ ਅੱਖਾਂ ਤੋਂ ਉਹਲੇ ਕਦੇ ਨਾ ਕਰੇ, ਆਪਣੀ ਕਿਰਤ ਸਾਰਾ ਤਾਣ ਲਾ ਕੇ ਕਰੇ ਅਤੇ ਕਮਾਈ ਨਾਲ ਬੈਂਕ ਨਾ ਭਰੇ, ਸਾਰਿਆਂ ਨਾਲ ਵੰਡ ਕੇ ਛਕੇ । ਕੋਈ ਅਮੀਰ ਹੋਵੇ ਤੇ ਕੋਈ ਗ਼ਰੀਬ, ਕੋਈ ਵਧ ਖਾਏ ਤੇ ਕੋਈ ਘੱਟ, ਇਹ ਸਿਖੀ ਜੀਵਨ ਦੇ ਅਨੁਕੂਲ ਨਹੀਂ ।

ਸਿਖ ਗੁਰੂ ਸਾਹਿਬਾਨ ਦੀਆਂ, ਉੱਚੇ ਸਿਖਾਂ ਦੀਆਂ ਜ਼ਿੰਦਗੀਆਂ ਇਸੇ ਸਿਮਰਨ ਅਤੇ ਸੇਵਾ ਦੇ ਢਾਂਚੇ ਵਿਚ ਢਲੀਆਂ ਹੋਈਆਂ ਸਨ । ਗੁਰੂ ਨਾਨਕ ਦੇਵ ਜੀ ਤੋਂ ਅਰੰਭ ਕਰੋ । ਕਿਸ ਤਰ੍ਹਾਂ ਉਨ੍ਹਾਂ ਨੇ ਆਪ ਕਿਸਾਨਾਂ ਵਾਂਗ ਹਲ ਵਾਹਿਆ, ਵਾਢੀਆਂ ਕੀਤੀਆਂ, ਗੋਡੀਆਂ ਕੀਤੀਆਂ । ਘਰ ਲੰਗਰ ਲਾਇਆ, ਆਏ ਗਏ ਦੀ ਆਪਣੇ ਹੱਥੀਂ ਸੇਵਾ ਕੀਤੀ । ਜਦ ਲਹਿਣਾ ਜੀ ਦਰਸ਼ਨਾਂ ਨੂੰ ਗਏ ਤਾਂ ਉਸ ਦੀ ਘੋੜੀ ਅੱਗੋਂ ਫੜ ਕੇ ਆਪ ਗੁਰੂ ਨਾਨਕ ਜੀ ਵੱਟੋ-ਵੱਟ ਆਪਣੇ ਨਿਵਾਸ-ਅਸਥਾਨ ਤੇ ਲੈ ਗਏ ਅਤੇ ਉਥੇ ਪਹੁੰਚ ਕੇ ਆਪਣੇ ਹੱਥੀਂ ਘੋੜੀ ਦੀ ਭੀ ਅਤੇ ਲਹਿਣਾ ਜੀ ਦੀ ਭੀ ਸੇਵਾ ਕੀਤੀ ।

ਫੇਰ ਲਹਿਣਾ ਜੀ ਦੀ, ਜੋ ਗੁਰੂ ਅੰਗਦ ਜੀ ਬਣੇ, ਵਾਰਤਾ ਸੁਣੋ, ਜਦ ਦੂਜੀ ਵਾਰੀ ਘਰੋਂ ਤਿਆਰ ਹੋ ਕੇ ਉਹ ਗੁਰੂ ਨਾਨਕ ਜੀ ਪਾਸ ਪਹੁੰਚੇ ਤਾਂ ਅੱਗੇ ਗੁਰੂ ਨਾਨਕ ਸਾਹਿਬ ਧਾਈਆਂ ਦੇ ਖੇਤ ਵਿਚ ਗੋਡੀ ਕਰ ਰਹੇ ਸਨ ਅਤੇ ਚਿਕੜ ਨਾਲ ਭਰਿਆ ਹੋਇਆ ਘਾਹ ਇਕੱਠਾ ਕਰ ਰਹੇ ਸਨ । ਜਦ ਇਸ ਘਾਹ ਦੀ ਪੰਡ ਨੂੰ ਗੁਰੂ ਸਾਹਿਬ ਆਪਣੇ ਸਿਰ ਤੇ ਰੱਖਣ ਲੱਗੇ ਤਾਂ ਲਹਿਣਾ ਜੀ ਨੇ ਝਟ ਉਹ ਪੰਡ ਫੜ ਕੇ ਆਪਣੇ ਸਿਰ ਤੇ ਚੁੱਕ ਲਈ । ਫੇਰ ਲਹਿਣਾ ਜੀ ਨੇ ਜਿਸ ਤਰ੍ਹਾਂ ਆਪਣਾ ਜੀਵਨ ਗੁਰੂ ਨਾਨਕ ਸਾਹਿਬ ਨੂੰ ਸਮਰਪਣ ਕਰ ਕੇ ਉਨ੍ਹਾਂ ਦੀ ਸੇਵਾ ਕੀਤੀ ਉਸ ਦੀ ਮਿਸਾਲ ਇਤਿਹਾਸ ਵਿਚ ਹੋਰ ਘਟ ਹੀ ਮਿਲਦੀ ਹੈ ।

ਗੁਰੂ ਅਮਰਦਾਸ ਜੀ ਬਿਰਧ ਅਵਸਥਾ ਵਿਚ ਗੁਰੂ ਅੰਗਦ ਸਾਹਿਬ ਜੀ ਨੂੰ ਅੰਮ੍ਰਿਤ ਵੇਲੇ ਇਸ਼ਨਾਨ ਕਰਾਣ ਲਈ, ਰਾਤੋ-ਰਾਤ ਬਿਆਸਾ ਤੋਂ ਪਾਣੀ ਦੀ ਗਾਗਰ ਭਰ ਕੇ ਲਿਆਉਂਦੇ ਹੁੰਦੇ ਸਨ । ਉਨ੍ਹੀਂ ਦਿਨੀ ਕਿਤੇ ਰੋਸ਼ਨੀਆਂ ਤਾਂ ਜਗਦੀਆਂ ਨਹੀਂ ਸਨ । ਇਕ ਹਨੇਰੀ ਰਾਤ ਨੂੰ ਉਹ ਆਉਂਦੇ ਹੋਏ ਇਕ ਜੁਲਾਹੇ ਦੀ ਖੱਡੀ ਵਿਚ ਡਿੱਗ ਪਏ । ਖੜਕਾ ਸੁਣ ਕੇ ਜੁਲਾਹੇ ਨੇ ਪੁਛਿਆ, "ਕੌਣ ਹੈ ?" ਕੋਲੋਂ ਜੁਲਾਹੀ ਨੇ ਉੱਤਰ ਵਿਚ ਕਿਹਾ ਕਿ ਅਮਰੂ ਨਿਥਾਵਾਂ ਹੀ ਹੋਣਾ ਹੈ । ਇਹ ਅਮਰੂ ਨਿਥਾਵਾਂ ਹੀ ਇਸ ਸੇਵਾ ਦੀ ਕਮਾਈ ਦਾ ਸਦਕਾ ਗੁਰੂ ਅਮਰਦਾਸ ਜੀ ਬਣੇ ।

ਜਦ ਦਰਬਾਰ ਸਾਹਿਬ ਦੇ ਸਰੋਵਰ ਦੀ ਖੁਦਾਈ ਹੁੰਦੀ ਸੀ ਤਾਂ ਗੁਰੂ ਅਰਜਨ ਸਾਹਿਬ ਆਪਣੇ ਸਿਰ ਤੇ ਟੋਕਰੀ ਢੋਂਦੇ ਹੁੰਦੇ ਸਨ । ਜਦ ਪਿਸ਼ੌਰ ਦੀ ਸੰਗਤ ਦਰਸ਼ਨਾਂ ਨੂੰ ਆਈ ਤਾਂ ਗੁਰੂ ਅਰਜਨ ਸਾਹਿਬ ਅਤੇ ਮਾਤਾ ਜੀ ਸਿਰ ਤੇ ਪ੍ਰਸ਼ਾਦੇ ਚੁਕ ਕੇ ਸੰਗਤ ਨੂੰ ਅਗੋਂ ਪਿਪਲੀ ਸਾਹਿਬ ਵਾਲੇ ਥਾਂ ਜਾ ਮਿਲੇ ਅਤੇ ਰਾਤ ਭਰ ਉਥੇ ਸੰਗਤ ਦੀ ਪੱਖੇ ਦੀ ਸੇਵਾ ਕਰਦੇ ਰਹੇ ।

ਸਿਖਾਂ ਵਿਚ ਭੀ ਉਹੀ ਵਡਾ ਗਿਣਿਆ ਜਾਂਦਾ ਸੀ ਜਿਹੜਾ ਰੱਜ ਕੇ ਸੇਵਾ ਕਰੇ । ਭਾਈ ਮੰਝ ਸਵੇਰ-ਸਾਰ ਜੰਗਲ ਵਿਚੋਂ ਲੰਗਰ ਦੀ ਸੇਵਾ ਲਈ ਲੱਕੜਾਂ ਦਾ ਗੱਠਾ ਲਿਆਉਂਦਾ ਹੁੰਦਾ ਸੀ । ਇਕ ਦਿਨ ਕੁਝ ਹਨੇਰੇ ਵਿਚ ਉਹ ਇਕ ਖੂਹ ਵਿਚ ਡਿੱਗ ਪਿਆ । ਸੰਗਤਾਂ ਨੂੰ ਪਤਾ ਲੱਗਣ 'ਤੇ ਉਹ ਦੌੜ ਕੇ ਉਥੇ ਪਹੁੰਚੀਆਂ । ਖੂਹ ਵਿਚ ਰੱਸੇ ਲਮਕਾਏ । ਭਾਈ ਮੰਝ ਨੇ ਅੰਦਰੋਂ ਅਵਾਜ਼ ਦਿਤੀ ਕਿ ਪਹਿਲਾਂ ਲਕੜਾਂ ਦਾ ਗੱਠਾ ਕਢੋ, ਇਨ੍ਹਾਂ ਨੇ ਲੰਗਰ ਦੀ ਸੇਵਾ ਕਰਨੀ ਹੈ । ਸੋ ਪਹਿਲਾਂ ਲਕੜਾਂ ਦਾ ਗੱਠਾ ਨਿਕਲਿਆ ਤੇ ਫੇਰ ਭਾਈ ਮੰਝ ਬਾਹਰ ਆਇਆ । ਇਹ ਹੈ ਸੇਵਾ ਦਾ ਇਸ਼ਕ ।

ਦਸਮ ਪਾਤਸ਼ਾਹ ਜੀ ਦੇ ਸਮੇਂ ਤਾਂ ਅਨੰਦਪੁਰ ਸਾਹਿ ਸੇਵਾ ਦੇ ਅਦੁੱਤੀ ਨਜ਼ਾਰੇ ਨਜ਼ਰ ਆਉਂਦੇ ਸਨ । ਸਗ



www.AKJ.Org

# ਸ੍ਰੀ ਅਨੰਦਪੁਰ ਸਾਹਿਬ ਵਿਖੇ ਹੋਲਾ ਮਹੱਲਾ

## ੭ ਮਾਰਚ ਵੀਰਵਾਰ ਸਵੇਰ ਤੋਂ ੯ ਮਾਰਚ ਸ਼ਨੀਵਾਰ ਸਵੇਰ ਤਕ

ਚੰਡੀਗੜ੍ਹ, ਲੁਧਿਆਣਾ, ਜਲੰਧਰ, ਪਟਿਆਲਾ, ਦਿੱਲੀ, ਸ੍ਰੀ ਅੰਮ੍ਰਿਤਸਰ ਸਾਹਿਬ, ਤਲਵਾੜਾ, ਨੰਗਲ, ਅੰਬਾਲਾ ਤੇ ਹੋਰ ਸ਼ਹਿਰਾਂ ਦੇ ਅਖੰਡ ਕੀਰਤਨੀ ਜਥਿਆਂ ਵਲੋਂ ੭ ਮਾਰਚ ਤੋਂ ੯ ਮਾਰਚ ੧੯੭੪ ਤਕ ਹੋਲੇ ਮਹੱਲੇ ਦਾ ਸਮਾਗਮ ਸ੍ਰੀ ਅਨੰਦਪੁਰ ਸਾਹਿਬ ਦੀ ਪਾਵਨ ਧਰਤੀ ਤੇ ਮਨਾਇਆ ਜਾਵੇਗਾ। ਇਹ ਅਨੰਦਮਈ ਨਗਰੀ ਨੌਵੇਂ ਅਤੇ ਦਸਵੇਂ ਨਾਨਕ ਜੀ ਨੇ ਵਸਾਈ। ਚਾਰ ਸਾਹਿਬਜ਼ਾਦਿਆਂ ਅਤੇ ਖ਼ਾਲਸੇ ਦੀ ਇਹ ਜਨਮ-ਭੂਮੀ, ਪੰਜ ਪਿਆਰਿਆਂ ਦੀ ਪ੍ਰੀਖਿਆ-ਥਾਂ, ਭਾਈ ਨੰਦ ਲਾਲ ਜੀ ਦਾ ਮੱਕਾ ਸ਼ਰੀਫ਼, ਭਾ: ਘਨੱਯਾ ਜੀ ਦਾ ਸੇਵਾ-ਖੇਤਰ, ਭਾਈ ਬਚਿੱਤਰ ਸਿੰਘ ਜੀ, ਭਾ: ਉਧੇ ਸਿੰਘ ਜੀ ਆਦਿ ਅਨਗਿਣਤ ਸੂਰਮਿਆਂ ਦੀ ਪਿਆਰੀ ਰਣਭੂਮੀ, ਅਨੇਕਾਂ ਸ਼ਹੀਦਾਂ ਦੇ ਖ਼ੂਨ ਨਾਲ ਸਿੰਜੀ ਹੋਈ ਧਰਤੀ, ਭਾ: ਗੁਰਬਖ਼ਸ਼ ਸਿੰਘ ਜੀ ਆਦਿ ਬ੍ਰਹਮ ਗਿਆਨੀਆਂ ਦਾ ਇਹ ਸੱਚਖੰਡ, ਸੱਚੇ ਪਾਤਸ਼ਾਹ ਜੀ ਦੇ ਨਿਜੀ ਸ਼ਸਤਰਾਂ ਅਤੇ ਗੁਰਧਾਮਾਂ ਦੇ ਏਥੇ ਦੀਦਾਰੇ ਕਰਨ ਲਈ ਇਸ ਧਰਤੀ ਦੀ ਜ਼ਰੂਰ ਯਾਤਰਾ ਕਰੋ ਤੇ ਸਤਿਗੁਰੂ ਜੀ ਦੀਆਂ ਖ਼ੁਸ਼ੀਆਂ ਪ੍ਰਾਪਤ ਕਰੋ।

## ਕੀਰਤਨ ਦਾ ਪ੍ਰੋਗਰਾਮ

| ਮਿਤੀ ਅਤੇ ਦਿਨ | ਸਮਾਂ | ਪ੍ਰੋਗਰਾਮ ਦਾ ਵੇਰਵਾ | ਅਸਥਾਨ |
|---|---|---|---|
| ੭-੩-੭੪ | ੪-੦੦ ਤੋਂ ੫-੦੦ ਸਵੇਰੇ | ਨਿਤਨੇਮ | ਖ਼ਾਲਸਾ ਕਾਲਜ |
| (ਵੀਰਵਾਰ) | ੫-੦੦ ਤੋਂ ੧੧-੦੦ ਸਵੇਰੇ | ਕੀਰਤਨ | ਸ੍ਰੀ ਅਨੰਦਪੁਰ ਸਾਹਿਬ |
| | —— ੨-੦੦ ਦੁਪਹਿਰ | ਅਰੰਭ ਨਗਰ ਕੀਰਤਨ | |
| | ੬-੦੦ ਤੋਂ ੯-੦੦ ਸ਼ਾਮ | ਸੋਦਰ ਦੀ ਚੌਕੀ | ਤਖ਼ਤ ਸ੍ਰੀ ਕੇਸਗੜ੍ਹ ਸਾਹਿਬ |
| ੮-੩-੭੪ | ੪-੦੦ ਤੋਂ ੫-੦੦ ਸਵੇਰੇ | ਨਿਤਨੇਮ | ਖ਼ਾਲਸਾ ਕਾਲਜ |
| (ਸ਼ੁਕਰਵਾਰ) | —— ੫-੦੦ ਸਵੇਰੇ | ਭੋਗ ਸ੍ਰੀ ਅਖੰਡ ਪਾਠ | ,, ,, |
| | ੫-੦੦ ਤੋਂ ੧-੦੦ ਦੁਪਹਿਰ | ਕੀਰਤਨ | ,, ,, |
| | —— ੩-੦੦ ਦੁਪਹਿਰ | ਅੰਮ੍ਰਿਤ ਸੰਚਾਰ | ,, ,, |
| | —— ੭-੦੦ ਸ਼ਾਮ | ਅਰੰਭ ਰੈਣ-ਸਬਾਈ ਕੀਰਤਨ | ,, ,, |
| ੯-੩-੭੪ | —— ੪-੦੦ ਸਵੇਰੇ | ਸਮਾਪਤੀ ਰੈਣ ਸਬਾਈ | ,, ,, |
| (ਸ਼ਨੀਵਾਰ) | ੪-੩੦ ਤੋਂ ੭-੦੦ ਸਵੇਰੇ | ਕੀਰਤਨ ਸ੍ਰੀ ਆਸਾ ਦੀ ਵਾਰ | ਤਖ਼ਤ ਸ੍ਰੀ ਕੇਸਗੜ੍ਹ ਸਾਹਿਬ |

ਨੋਟ :—

੧. ਗੁਰੂ ਕਾ ਲੰਗਰ ਖੁਲ੍ਹਾ ਚਲਾਉਣ ਲਈ ਸਾਰੇ ਗੁਰਮੁਖ ਵਿਤ ਅਨੁਸਾਰ ਰਸਦਾਂ ਆਦਿ ਦੀ ਸੇਵਾ ਕਰਨ।

੨. ਬਿਸਤਰਾ ਜ਼ਰੂਰ ਲੈ ਕੇ ਆਉਣਾ ਜੀ। ਤੰਬੂਆਂ ਵਿਚ ਨਿਵਾਸ ਲਈ ਇਕ ਇਕ ਫਾਲਤੂ ਫ਼ਰਸ਼ੀ ਦਰੀ ਲਿਆਉਣੀ ਜੀ। ਇਕ ਗੜਵੀ ਜਾਂ ਗਲਾਸ ਹਰੇਕ ਸਜਣ ਨਾਲ ਲਿਆਵੇ ਜੀ।

੩. ਜੱਥੇ ਦੀ ਰਿਹਾਇਸ਼, ਲੰਗਰ ਅਤੇ ਕੀਰਤਨ ਦਾ ਪਰਬੰਧ ਖ਼ਾਲਸਾ ਕਾਲਜ ਵਿਚ ਹੋਵੇਗਾ, ਜੋ ਰੋਪੜ-ਅਨੰਦਪੁਰ ਸਾਹਿਬ ਵਾਲੀ ਸੜਕ ਉਤੇ ਹੀ ਹੈ।

੪. ਕਾਲਜ ਵਿਚ ਰਿਹਾਇਸ਼ ਦਾ ਪਰਬੰਧ ਕੇਵਲ ਜੱਥੇ ਦੀ ਸੰਗਤ ਦਾ ਹੀ ਹੋ ਸਕੇਗਾ।

੫. ਆਪ ਜੀ ੬-੩-੭੪ ਸ਼ਾਮ ਤਕ ਸ੍ਰੀ ਗੁਰੂ ਤੇਗ ਬਹਾਦਰ ਖ਼ਾਲਸਾ ਕਾਲਜ, ਅਨੰਦਪੁਰ ਸਾਹਿਬ ਪੁਜੋ ਜੀ।

ਪੁੱਛ ਗਿੱਛ ਲਈ :
ਹਰਿਚਰਨ ਸਿੰਘ
੨੨੬, ਸੈਕਟਰ, ੨੧ ਏ, ਚੰਡੀਗੜ੍ਹ

ਸੰਗਤਾਂ ਦਾ ਦਾਸ :—
ਮੱਲ ਸਿੰਘ (ਜਥੇਦਾਰ)
ਅਖੰਡ ਕੀਰਤਨੀ ਜੱਥਾ, ਭਾਰਤ ਵਰਸ਼।

www.AKJ.Org